PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 24 ਅਕਤੂਬਰ ਤੋਂ 30 ਅਕਤੂਬਰ, 2024 | Email :- editor@punjabstar.com, Vo.20.Issue:1156


## ਸੂਡਾਨ: ਮਸਜਿਦ 'ਤੇ ਹਵਾਈ ਹਮਲੇ 'ਚ 31 ਦੀ ਮੌਤ



ਖਾਰਟੂਮ (ਪੰਜਾਬ ਸਟਾਰ ਬਿਊਰੋ) : ਸੂਡਾਨ ਦੇ ਗੇਜ਼ੀਰਾ ਰਾਜ ਦੀ ਰਾਜਧਾਨੀ ਵਦ ਮਦਨੀ ਵਿਚ ਇਕ ਮਸਜਿਦ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਵਾਈ ਹਮਲੇ ਵਿਚ ਘੱਟੋ-ਘੱਟ 31 ਲੋਕ ਮਾਰੇ ਗਏ। ਇਕ ਸਥਾਨਕ ਗੈਰ-ਸਰਕਾਰੀ ਸਮੂਹ ਨੇ ਇਸ ਸਬੰਧੀ ਐਲਾਨ ਕੀਤਾ। ਐਤਵਾਰ ਨੂੰ ਵਦ ਮਦਨੀ ਪ੍ਰਤੀਰੋਧ ਕਮੇਟੀ ਨੇ ਇੱਕ ਬਿਆਨ ਵਿੱਚ ਕਿਹਾ," ਸ਼ਾਮ ਦੀ ਨਮਾਜ਼ ਤੋਂ ਬਾਅਦ ਜੰਗੀ ਜਹਾਜ਼ਾਂ ਨੇ ਸ਼ੇਖ ਅਲ ਜੇਲੀ ਮਸਜਿਦ ਅਤੇ ਅਲ-ਇਮਤਦਾਦ ਦੇ ਆਸ ਪਾਸ ਦੇ ਖੇਤਰਾਂ 'ਤੇ ਵਿਸਫੋਟਕ ਬੈਰਲਾਂ ਨਾਲ ਬੰਬਾਰੀ ਕੀਤੀ।"

ਕਮੇਟੀ ਨੇ ਅੱਗੇ ਕਿਹਾ ਕਿ 15 ਪੀੜਤਾਂ ਦੀ ਪਛਾਣ ਕਰ ਲਈ ਗਈ ਹੈ, ਜਦੋਂ ਕਿ ਦਰਜਨਾਂ ਅਣਪਛਾਤੀਆਂ ਲਾਸ਼ਾਂ ਦੀ ਗਿਣਤੀ ਕੀਤੀ ਜਾ ਰਹੀ ਹੈ। ਸਿਨਹੂਆ ਨਿਊਜ਼ ਏਜੰਸੀ ਨੇ ਦੱਸਿਆ ਕਿ ਅਜੇ ਤੱਕ ਇਸ ਘਟਨਾ 'ਤੇ ਕਿਸੇ ਵੀ ਧਿਰ * ਬਾਕੀ ਸਫਾ 2 'ਤੇ

## ਸਾਡਾ ਧਿਆਨ ਰਿਪਬਲਿਕਨ ਉਮੀਦਵਾਰ ਨੂੰ ਹਰਾਉਣ ਵੱਲ: ਹੈਰਿਸ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ) : ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਅੱਜ ਕਿਹਾ ਕਿ ਜੇ ਡੋਨਲਡ ਟਰੰਪ 2024 ਦੀਆਂ ਚੋਣਾਂ 'ਚ ਸਮੇਂ ਤੋਂ ਪਹਿਲਾਂ ਜਿੱਤ ਦਾ ਐਲਾਨ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਦੀ ਟੀਮ ਟਰੰਪ ਨੂੰ ਚੁਣੌਤੀ ਦੇਣ ਲਈ ਤਿਆਰ ਹੈ ਪਰ ਉਨ੍ਹਾਂ ਦਾ ਧਿਆਨ ਪਹਿਲਾਂ ਰਿਪਬਲਿਕਨ ਉਮੀਦਵਾਰ ਨੂੰ ਹਰਾਉਣ 'ਤੇ ਹੈ।

ਹੈਰਿਸ ਨੇ ਚੋਣ ਵਾਲੇ ਦਿਨ ਤੋਂ ਠੀਕ ਦੋ ਹਫ਼ਤੇ ਪਹਿਲਾਂ ਐੱਨਬੀਸੀ ਨਿਊਜ਼ ਨਾਲ ਗੱਲ ਕੀਤੀ, ਜਿਸ ਦਾ ਮਕਸਦ ਵੱਧ ਤੋਂ ਵੱਧ ਵੋਟਰਾਂ ਸਾਹਮਣੇ ਆਪਣਾ ਤਰਕ ਰੱਖਣਾ ਸੀ। ਹੈਰਿਸ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਨਹੀਂ ਹੈ * ਬਾਕੀ ਸਫਾ 2 'ਤੇ

## ਫਿਲੀਪੀਨਜ਼ 'ਚ ਤੂਫਾਨ ਨੇ ਮਚਾਈ ਤਬਾਹੀ, 23 ਲੋਕਾਂ ਦੀ ਮੌਤ



ਮਨੀਲਾ (ਪੰਜਾਬ ਸਟਾਰ ਬਿਊਰੋ) : ਫਿਲੀਪੀਨਜ਼ ਦੇ ਉੱਤਰ-ਪੂਰਬੀ ਖੇਤਰ ਵਿੱਚ ਵੀਰਵਾਰ ਨੂੰ ਖੰਡੀ ਤੂਫਾਨ ਕਾਰਨ ਆਏ ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 23 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਕਾਰਾਂ ਵਹਿ ਗਈਆਂ। ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਕਈ ਲੋਕ ਫਸ ਗਏ ਅਤੇ ਕਈਆਂ ਨੇ ਘਰਾਂ ਦੀਆਂ ਛੱਤਾਂ 'ਤੇ ਸ਼ਰਨ ਲਈ, ਜਿਨ੍ਹਾਂ ਦੇ ਬਚਾਅ ਲਈ ਅਧਿਕਾਰੀਆਂ ਨੂੰ ਮੋਟਰਬੋਟਾਂ ਦੀ ਮਦਦ ਲੈਣੀ ਪਈ। ਦੇਸ਼ ਦੇ ਉੱਤਰ-ਪੂਰਬੀ ਪ੍ਰਾਂਤ ਇਜ਼ਾਬੇਲਾ ਵਿੱਚ ਦੇਰ ਰਾਤ ਗਰਮ ਖੰਡੀ ਤੂਫਾਨ ਟਰਾਮੀ ਨੇ ਲੈਂਡਫਾਲ ਕੀਤਾ, ਜਿਸ ਮਗਰੋਂ ਸਰਕਾਰ ਨੇ ਆਫ਼ਤ ਪ੍ਰਤੀਕ੍ਰਿਆ ਲਈ ਜ਼ਰੂਰੀ ਲੋਕਾਂ ਨੂੰ ਛੱਡ ਕੇ ਸਕੂਲਾਂ ਅਤੇ ਦਫਤਰਾਂ ਨੂੰ ਬੰਦ ਕਰਨ ਦੇ ਆਦੇਸ਼ ਦਿੱਤਾ। ਲੁਜ਼ੋਨ ਦੇ ਮੁੱਖ ਟਾਪੂ 'ਤੇ ਸਕੂਲ ਅਤੇ ਦਫਤਰ ਦੂਜੇ ਦਿਨ ਵੀ ਬੰਦ ਰਹੇ।

ਤੂਫਾਨ ਦੇ ਪ੍ਰਭਾਵ ਕਾਰਨ ਪਹਾੜੀ ਸੂਬੇ ਇਫੁਗਾਓ ਦੇ ਅਗੁਇਨਾਲਡੋ ਸ਼ਹਿਰ 'ਚ ਸਵੇਰੇ 95 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਤੇਜ਼ ਹਵਾਵਾਂ ਚੱਲੀਆਂ। ਸਰਕਾਰੀ ਮੌਸਮ ਦੀ ਭਵਿੱਖਬਾਣੀ ਕਰਨ ਵਾਲਿਆਂ ਅਨੁਸਾਰ ਹਵਾਵਾਂ ਪੱਛਮ ਵੱਲ ਵਧ ਰਹੀਆਂ ਹਨ ਅਤੇ ਵੀਰਵਾਰ ਨੂੰ ਬਾਅਦ ਵਿੱਚ ਦੱਖਣੀ ਚੀਨ ਸਾਗਰ ਵਿੱਚ ਦਾਖਲ ਹੋਣ ਦੀ ਸੰਭਾਵਨਾ ਹੈ। ਪੁਲਸ ਅਤੇ ਸੂਬਾਈ ਅਧਿਕਾਰੀਆਂ ਨੇ ਦੱਸਿਆ ਕਿ ਤੂਫ਼ਾਨ ਦੇ ਨਤੀਜੇ ਵਜੋਂ ਘੱਟੋ-ਘੱਟ 23 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ * ਬਾਕੀ ਸਫਾ 2 'ਤੇ

## ਕੈਨੇਡਾ: ਟਰੂਡੋ ਨੂੰ ਪਾਸੇ ਕਰਨ ਲਈ ਪਾਰਟੀ ਅੰਦਰੋਂ ਦਬਾਅ ਪੈਣ ਲੱਗਾ

### ਸੰਸਦ ਮੈਂਬਰਾਂ ਦੀ ਬੰਦ ਕਮਰਾ ਮੀਟਿੰਗ 'ਚ 28 ਅਕਤੂਬਰ ਤੱਕ ਸੋਚਣ ਦਾ ਸਮਾਂ ਦਿੱਤਾ



ਵਿਨੀਪੈੱਗ/ਵੈਨਕੂਵਰ (ਪੰਜਾਬ ਸਟਾਰ ਬਿਊਰੋ) : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਅਹੁਦਾ ਛੱਡਣ ਲਈ ਪਾਰਟੀ ਦੇ ਅੰਦਰਲਾ ਦਬਾਅ ਵੀ ਵੱਧਣ ਲੱਗਿਆ ਹੈ। ਸੰਸਦ ਮੈਂਬਰਾਂ ਨੇ ਲਿਬਰਲ ਕੌਕਸ ਦੀ ਮੀਟਿੰਗ ਵਿਚ ਅਲਟੀਮੇਟਮ ਦਿੱਤਾ ਗਿਆ ਹੈ ਕਿ ਟਰੂਡੋ ਜਾਂ ਤਾਂ 28 ਅਕਤੂਬਰ ਤੋਂ ਪਹਿਲਾਂ ਆਪਣੇ ਭਵਿੱਖ ਬਾਰੇ ਫ਼ੈਸਲਾ ਕਰਨ ਜਾਂ ਫਿਰ ਕੁਝ ਅਣਕਿਆਸੇ ਸਿੱਟਿਆਂ ਲਈ ਤਿਆਰ ਰਹਿਣ।

ਮੀਟਿੰਗ 'ਚ ਸ਼ਾਮਲ ਸੂਤਰਾਂ ਅਨੁਸਾਰ ਸੱਤਾਧਾਰੀ ਪਾਰਟੀ ਦੇ 152 ਪਾਰਲੀਮੈਂਟ ਮੈਂਬਰਾਂ ਚੋਂ 24 ਨੇ ਲਿਖਤੀ ਪੱਤਰ ਪੇਸ਼ ਕੀਤਾ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਪਾਰਟੀ ਦੇ ਵੱਕਾਰ ਨੂੰ ਲੱਗੇ ਹੋਏ ਖੋਰੇ ਤੋਂ ਉਭਾਰਨ ਲਈ ਪਾਰਟੀ ਪ੍ਰਧਾਨ ਜਸਟਿਨ ਟਰੂਡੋ ਨੂੰ ਆਪਣਾ ਅਸਤੀਫ਼ਾ ਦੇ ਕੇ * ਬਾਕੀ ਸਫਾ 2 'ਤੇ

## ਕੈਨੇਡਾ 'ਚ 1.3 ਲੱਖ ਭਾਰਤੀ ਵਿਦਿਆਰਥੀਆਂ 'ਤੇ ਲਟਕੀ ਦੇਸ਼ ਨਿਕਾਲੇ ਦੀ ਤਲਵਾਰ



ਬਰੈਂਪਟਨ (ਪੰਜਾਬ ਸਟਾਰ ਬਿਊਰੋ) : ਕੈਨੇਡਾ ਵਿੱਚ 1.3 ਲੱਖ ਭਾਰਤੀ ਵਿਦਿਆਰਥੀਆਂ ਦੇ ਪਰਮਿਟ 31 ਨੂੰ ਖ਼ਤਮ ਹੋਣ ਵਾਲੇ ਹਨ। ਇਸ ਸਥਿਤੀ ਦੇ ਖਿਲਾਫ਼ ਬਰੈਂਪਟਨ ਵਿੱਚ ਵਿਦਿਆਰਥੀ ਪ੍ਰਦਰਸ਼ਨ ਕਰਕੇ ਪੋਸਟ ਗ੍ਰੈਜੂਏਟ ਵਰਕ ਪਰਮਿਟ (PGWP) ਦੇ ਵਿਸਥਾਰ ਦੀ ਮੰਗ ਕਰ ਰਹੇ ਹਨ। ਜ਼ਿਆਦਾਤਰ ਵਿਦਿਆਰਥੀ ਪੰਜਾਬ ਦੇ ਹਨ। ਉਹ ਦੇਸ਼ ਨਿਕਾਲੇ ਦੇ ਡਰੋਂ 29 ਅਗਸਤ ਤੋਂ ਰੋਸ ਪ੍ਰਦਰਸ਼ਨ ਕਰ ਰਹੇ ਹਨ। ਉਹ ਪੋਸਟ ਗ੍ਰੈਜੂਏਟ ਵਰਕ ਪਰਮਿਟ (PGWP) ਦੇ ਵਿਸਥਾਰ, ਸਥਾਈ ਨਿਵਾਸ ਲਈ ਉਚਿਤ ਨੀਤੀ ਅਤੇ ਸ਼ੋਸ਼ਣ ਵਿਰੁੱਧ ਆਪਣੀਆਂ ਮੰਗਾਂ ਰੱਖ ਰਹੇ ਹਨ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਯੰਗ ਸਟੂਡੈਂਟ ਨੈੱਟਵਰਕ (NSN) ਦੇ ਬਿਕਰਮ ਸਿੰਘ ਕੁੱਲੇਵਾਲ ਕਰ ਰਹੇ ਹਨ ਅਤੇ ਇਸ ਨੂੰ ਮਾਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜ਼ੇਸ਼ਨ (MYSO) ਦਾ ਵੀ ਸਮਰਥਨ ਮਿਲ ਰਿਹਾ ਹੈ।

MYSO ਦੇ ਕਨਵੀਨਰ ਮਨਦੀਪ ਨੇ ਕਿਹਾ ਕਿ ਲਗਭਗ 1.3 ਲੱਖ ਵਿਦਿਆਰਥੀ ਖ਼ਤਰੇ ਵਿੱਚ ਹਨ, ਕਿਉਂਕਿ ਉਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ 31 ਦਸੰਬਰ ਨੂੰ ਖਤਮ ਹੋ ਜਾਵੇਗੀ। ਉਹ ਕੈਨੇਡਾ ਵਿੱਚ ਰਹਿਣ ਲਈ ਵਰਕ ਪਰਮਿਟ ਦੀ ਮਿਆਦ ਵਧਾਉਣ ਦੀ ਮੰਗ ਕਰ ਰਹੇ ਹਨ। ਹਾਲਾਂਕਿ, ਪਿਛਲੇ ਇਕ ਸਾਲ ਦੌਰਾਨ, ਭਾਰਤ ਅਤੇ ਕੈਨੇਡਾ ਦੇ ਤਣਾਅਪੂਰਨ ਸਬੰਧਾਂ ਨੇ ਪ੍ਰਵਾਸੀਆਂ ਅਤੇ ਵਿਦਿਆਰਥੀਆਂ * ਬਾਕੀ ਸਫਾ 2 'ਤੇ

### ਕੈਨੇਡਾ 'ਚ ਪੰਜਾਬੀਆਂ ਦੀ ਬੱਲੇ-ਬੱਲੇ

## ਬ੍ਰਿਟਿਸ਼ ਕੋਲੰਬੀਆ ਚੋਣਾਂ 'ਚ ਜਿੱਤੇ 14 ਪੰਜਾਬੀ ਸਿਆਸਤਦਾਨ



ਕੈਨੇਡਾ (ਬਲਜਿੰਦਰ ਸੇਖਾ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਵਿੱਚ ਸੂਬਾਈ ਚੋਣਾਂ ਵਿੱਚ ਪੰਜਾਬੀਆਂ ਨੇ ਬਾਜ਼ੀ ਮਾਰ ਦਿੱਤੀ ਹੈ। ਸੂਬਾਈ ਚੋਣਾਂ ਵਿੱਚ ਪੰਜਾਬੀ ਮੂਲ ਦੇ 14 ਉਮੀਦਵਾਰ ਜਿੱਤੇ ਹਨ ਜਦੋਂ ਕਿ ਇਕ ਉਮੀਦਵਾਰ ਵੋਟਾਂ ਦੀ ਗਿਣਤੀ ਵਿੱਚ ਅੱਗੇ ਚੱਲ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਚੋਣਾਂ ਵਿੱਚ ਨਿਊ ਡੈਮੋਕਰੈਟਿਕ ਪਾਰਟੀ ਤੇ ਕੰਜ਼ਰਵੇਟਿਵ ਵਿਚਾਲੇ ਫ਼ਸਵਾਂ ਮੁਕਾਬਲਾ ਹੈ।

**ਐੱਨਡੀਪੀ ਪਾਰਟੀ ਦਾ ਦਬਦਬਾ ਵੱਧਦਾ ਜਾ ਰਿਹਾ**

ਗ੍ਰੀਨ ਪਾਰਟੀ ਬ੍ਰਿਟਿਸ਼ ਕੋਲੰਬੀਆ ਦੇ 93 ਮੈਂਬਰੀ ਸਦਨ ਵਿਚ ਸਿਰਫ਼ ਦੋ ਸੀਟਾਂ ਜਿੱਤਣ ਵਿਚ ਸਫ਼ਲ ਰਹੀ ਹੈ। ਡੇਵਿਡ ਐਬੀ ਦੀ ਅਗਵਾਈ ਵਾਲੀ ਪਾਰਟੀ ਐੱਨਡੀਪੀ ਨੇ 46 ਤੇ ਜੌਹਨ ਰਸਟਡ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਨੇ 45 ਸੀਟਾਂ 'ਤੇ ਜਿੱਤੀਆਂ ਹਨ।

**ਜੇਤੂ ਉਮੀਦਵਾਰਾਂ ਦਾ ਵੇਰਵਾ**

ਰਵੀ ਕਾਹਲੋਂ ਡੇਲਟਾ ਨੌਰਥ ਸੀਟ ਉੱਤੇ ਚੰਗੇ ਫ਼ਰਕ ਨਾਲ ਆਪਣੀ ਦਾਅਵੇਦਾਰੀ ਬਰਕਰਾਰ ਰੱਖਣ ਵਿਚ ਸਫ਼ਲ ਰਹੇ ਹਨ। ਰਾਜ ਚੌਹਾਨ, ਜੋ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨਕ ਅਸੈਂਬਲੀ ਦੇ ਸਪੀਕਰ ਸਨ, ਨੇ ਰਿਕਾਰਡ 6ਵੀਂ ਜਿੱਤ ਦਰਜ ਕੀਤੀ ਹੈ। ਇਸ ਤੋਂ ਪਹਿਲਾਂ ਉਹ 2013 ਤੋਂ 2017 ਦੇ ਅਰਸੇ ਦੌਰਾਨ ਸਹਾਇਕ ਡਿਪਟੀ ਸਪੀਕਰ ਅਤੇ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਵੀ ਰਹੇ ਹਨ।

ਜਗਰੂਪ ਬਰਾੜ ਸਰੀ ਫਲੀਟਵੁੱਡ ਤੋਂ 7ਵੀਂ ਵਾਰ ਜਿੱਤੇ ਹਨ। ਉਹ ਹੁਣ ਤੱਕ ਇਕ ਵਾਰ 2013 ਵਿਚ ਹੀ ਹਾਰੇ ਹਨ। ਬਰਾੜ ਬਠਿੰਡਾ ਦੇ ਜੰਮਪਲ ਹਨ ਤੇ ਉਹ ਭਾਰਤ ਦੀ ਪੁਰਸ਼ ਕੌਮੀ ਬਾਸਕਟਬਾਲ ਟੀਮ ਦੇ ਮੈਂਬਰ ਵੀ ਰਹੇ ਹਨ। ਕੰਜ਼ਰਵੇਟਿਵ ਪਾਰਟੀ ਉਮੀਦਵਾਰ ਮਨਦੀਪ ਧਾਲੀਵਾਲ ਨੇ ਸਰੀ ਨੌਰਥ ਤੋਂ ਸਿੱਖਿਆ ਤੇ ਬਾਲ ਭਲਾਈ ਮੰਤਰੀ ਰਚਨਾ ਸਿੰਘ ਨੂੰ ਹਰਾਇਆ। ਜਿਨੀ ਸਿਮਸ ਸਰੀ ਪੈਨੋਰਮਾ ਤੋਂ ਹਾਰ ਗਏ। ਐੱਨਡੀਪੀ ਉਮੀਦਵਾਰ ਰਵੀ ਪਰਮਾਰ ਲੈਂਗਫੋਰਡ ਹਾਈਲੈਂਡ ਤੋਂ, ਸੁਨੀਤਾ ਧੀਰ ਵੈਨਕੂਵਰ ਲੰਗਾਰਾ ਤੋਂ, ਰੀਆ ਅਰੋੜ ਬਰਨਾਬੀ ਈਸਟ ਤੇ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ੀ ਤੋਂ ਜੇਤੂ ਰਹੇ। ਹਰਵਿੰਦਰ ਨੇ ਇਥੋਂ ਦੂਜੀ ਵਾਰ ਚੋਣ ਜਿੱਤੀ ਹੈ। ਅਟਾਰਨੀ ਜਨਰਲ ਨਿੱਕੀ ਸ਼ਰਮਾ ਵੀ ਵੈਨਕੂਵਰ ਹੇਸਟਿੰਗਜ਼ ਤੋਂ ਮੁੜ ਚੋਣ ਜਿੱਤ ਗਈ। * ਬਾਕੀ ਸਫਾ 2 'ਤੇ


ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888-864-3131
Jasbir Singh Hundal, Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2

Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
Harjit Brar, Sales Representative, 416-417-6010
HOMELIFE HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090
Vik Mehmi, Broker, 416-500-6262

# ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ 2 ਹਫ਼ਤੇ ਪਹਿਲਾਂ 2.1 ਕਰੋੜ ਅਮਰੀਕੀ ਵੋਟਰਾਂ ਨੇ ਪਾਈ ਵੋਟ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ 2 ਹਫਤੇ ਪਹਿਲਾਂ ਹੀ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਜ਼ੋਰਦਾਰ ਚੋਣ ਮੁਹਿੰਮ ਦੌਰਾਨ ਘੱਟੋ-ਘੱਟ 2.1 ਕਰੋੜ ਅਮਰੀਕੀ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰ ਚੁੱਕੇ ਹਨ। ਫਲੋਰੀਡਾ ਯੂਨੀਵਰਸਿਟੀ ਦੀ ਚੋਣ ਪ੍ਰਯੋਗਸ਼ਾਲਾ ਦੇ ਅੰਕੜਿਆਂ ਅਨੁਸਾਰ, ਲਗਭਗ 78 ਲੱਖ ਵੋਟਰਾਂ ਨੇ ਸ਼ੁਰੂਆਤੀ ਵਿਅਕਤੀਗਤ ਵੋਟਿੰਗ ਰਾਹੀਂ ਵੋਟ ਪਾਈ ਹੈ, ਜਦੋਂ ਕਿ ਬਾਕੀ 1.3 ਕਰੋੜ ਵੋਟਾਂ ਪੋਸਟਲ ਬੈਲਟ ਰਾਹੀਂ ਪਾਈਆਂ ਗਈਆਂ ਹਨ।

ਭਾਰਤ 'ਚ ਹੋਣ ਵਾਲੀਆਂ ਆਮ ਚੋਣਾਂ 'ਚ, ਜਿੱਥੇ ਵੋਟਿੰਗ ਤੋਂ 36 ਘੰਟੇ ਪਹਿਲਾਂ ਚੋਣ ਪ੍ਰਚਾਰ ਬੰਦ ਹੋ ਜਾਂਦਾ ਹੈ, ਉਥੇ ਹੀ ਇਸ ਦੇ ਉਲਟ ਅਮਰੀਕਾ 'ਚ ਚੋਣ ਪ੍ਰਚਾਰ ਅਤੇ ਵੋਟਿੰਗ ਘੱਟੋ-ਘੱਟ 4 ਹਫਤਿਆਂ ਤੱਕ ਨਾਲੋ-ਨਾਲ ਚੱਲਦੀ ਰਹਿੰਦੀ ਹੈ। ਅਮਰੀਕਾ 'ਚ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇਤੂ ਦਾ ਫੈਸਲਾ ਸੱਤ ਰਾਜਾਂ- ਐਰੀਜ਼ੋਨਾ, ਨੇਵਾਡਾ, ਵਿਸਕਾਨਸਿਨ, ਮਿਸ਼ੀਗਨ, ਪੈਨਸਿਲਵੇਨੀਆ, ਉੱਤਰੀ ਕੈਰੋਲੀਨਾ ਅਤੇ ਜਾਰਜੀਆ ਦੇ ਨਤੀਜਿਆਂ ਦੇ ਆਧਾਰ 'ਤੇ ਕੀਤਾ ਜਾਵੇਗਾ।

ਅਮਰੀਕਾ ਵਿਚ ਸ਼ੁਰੂਆਤੀ ਵੋਟਿੰਗ ਅਮਰੀਕੀ ਵੋਟਰਾਂ ਲਈ ਇੱਕ ਵਿਲੱਖਣ ਵਿਵਸਥਾ ਹੈ, ਜਿਸ ਵਿਚ ਵੋਟਰ ਜਾਂ ਤਾਂ ਪੋਸਟਲ ਬੈਲਟ ਰਾਹੀਂ ਆਪਣੀ ਵੋਟ ਪਾਉਂਦੇ ਹਨ, ਜਿਸ ਦੀ ਤੁਲਨਾ ਕੁੱਝ ਮਾਈਨਿਆਂ 'ਚ ਭਾਰਤ ਦੇ ਪੋਸਟਲ ਬੈਲਟ ਨਾਲ ਕੀਤੀ ਜਾ ਸਕਦੀ ਜਾਂਦੀ ਹੈ, ਜਾਂ ਨਿਰਧਾਰਤ ਪੋਲਿੰਗ ਸਟੇਸ਼ਨਾਂ 'ਤੇ ਜਾ ਕੇ ਵੋਟ ਪਾਉਂਦੇ ਹਨ, ਜੋ ਕਈ ਰਾਜਾਂ ਵਿਚ ਅਸਲ ਵੋਟਿੰਗ ਦਿਨ ਤੋਂ ਕੁੱਝ ਪਹਿਲਾਂ ਹਫ਼ਤੇ ਪਹਿਲਾਂ ਖੁੱਲ੍ਹਦੇ ਹਨ। ਫਲੋਰੀਡਾ ਯੂਨੀਵਰਸਿਟੀ ਦੀ ਇਲੈਕਸ਼ਨ ਲੈਬ ਦੇ ਅਨੁਸਾਰ, ਏਸ਼ੀਆਈ ਅਮਰੀਕੀਆਂ ਵਿਚ ਸ਼ੁਰੂਆਤੀ ਵੋਟਿੰਗ ਸਿਰਫ 1.7 ਫ਼ੀਸਦੀ ਹੈ। ਹਾਲਾਂਕਿ ਕਈ ਥਾਵਾਂ 'ਤੇ ਕਈ ਭਾਰਤੀ ਅਮਰੀਕੀ ਆਪਣੀ ਵੋਟ ਪਾਉਣ ਲਈ ਕਤਾਰਾਂ 'ਚ ਖੜ੍ਹੇ ਨਜ਼ਰ ਆਏ।

# ਪੰਜਾਬ 'ਚ ਚੋਣਾਂ ਦਾ ਬਿਗੁਲ ਵੱਜਿਆ




ਚੰਡੀਗੜ੍ਹ : ਪੰਜਾਬ 'ਚ 4 ਵਿਧਾਨ ਸਭਾ ਸੀਟਾਂ 'ਤੇ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਸਿਆਸੀ ਮੈਦਾਨ ਭੱਖਣਾ ਸ਼ੁਰੂ ਹੋ ਗਿਆ ਹੈ। ਵੱਖ-ਵੱਖ ਪਾਰਟੀਆਂ ਨੇ ਆਪੋ-ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ ਨੂੰ ਭਾਜਪਾ ਵੱਲੋਂ ਉਮੀਦਵਾਰ ਬਣਾਇਆ ਗਿਆ ਹੈ। ਕਾਂਗਰਸ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਧਰਮਪਤਨੀ ਅੰਮ੍ਰਿਤਾ ਵੜਿੰਗ ਨੂੰ ਉਮੀਦਵਾਰ ਐਲਾਨਿਆ ਗਿਆ ਹੈ, ਜਦਕਿ ਆਮ ਆਦਮੀ ਪਾਰਟੀ ਨੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ।

ਇਸੇ ਤਰ੍ਹਾਂ ਬਰਨਾਲਾ ਤੋਂ ਭਾਜਪਾ ਨੇ ਕੇਵਲ ਸਿੰਘ ਢਿੱਲੋਂ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ, ਜਦਕਿ ਕਾਂਗਰਸ ਵੱਲੋਂ ਕੁਲਦੀਪ ਸਿੰਘ ਢਿੱਲੋਂ ਨੂੰ ਉਮੀਦਵਾਰ ਨਾਮਜ਼ਦ ਕੀਤਾ ਹੈ। ਆਮ ਆਦਮੀ ਪਾਰਟੀ ਨੇ ਹਰਿੰਦਰ ਸਿੰਘ ਧਾਲੀਵਾਲ 'ਤੇ ਦਾਅ ਖੇਡਿਆ ਹੈ, ਜਦਕਿ ਅਕਾਲੀ ਦਲ (ਅੰਮ੍ਰਿਤਸਰ) ਨੇ ਗੋਵਿੰਦਰ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ।

ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਤੋਂ ਭਾਜਪਾ ਨੇ ਰਵੀ ਕਰਨ ਸਿੰਘ ਕਾਹਲੋਂ ਨੂੰ ਉਮੀਦਵਾਰ ਬਣਾਇਆ ਹੈ, ਜਦਕਿ ਕਾਂਗਰਸ ਨੇ ਜਤਿੰਦਰ ਕੌਰ ਰੰਧਾਵਾ ਨੂੰ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਆਮ ਆਦਮੀ ਪਾਰਟੀ ਨੇ ਗੁਰਦੀਪ ਸਿੰਘ ਰੰਧਾਵਾ ਨੂੰ ਉਮੀਦਵਾਰ ਐਲਾਨਿਆ ਹੈ।

ਰਾਖਵਾਂ ਹਲਕਾ ਚੱਬੇਵਾਲ ਤੋਂ ਇਨ੍ਹਾਂ ਜ਼ਿਮਨੀ ਚੋਣਾਂ ਲਈ ਕਾਂਗਰਸ ਪਾਰਟੀ ਨੇ ਰਣਜੀਤ ਕੁਮਾਰ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ, ਜਦਕਿ ਆਮ ਆਦਮੀ ਪਾਰਟੀ ਨੇ ਇਸ਼ਾਨ ਚੱਬੇਵਾਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ।

ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਹਾਲੇ ਬਾਕੀ ਹੈ। ਬਾਕੀ ਪਾਰਟੀਆਂ ਨੇ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਤੇ ਜਲਦ ਹੀ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ ਜਾਣਗੇ।

ਇਸ ਵਾਰ ਭਾਜਪਾ ਨੇ ਸਿੱਖ ਚਿਹਰਿਆਂ 'ਤੇ ਆਪਣਾ ਪੱਤਾ ਖੇਡਿਆ ਹੈ। ਸ਼੍ਰੋਮਣੀ ਅਕਾਲੀ ਦਲ (ਬ) 'ਚ ਆਪਸੀ ਪਾਟੋ-ਧਾੜ ਕਾਰਨ ਇਨ੍ਹਾਂ ਸਿੱਖ ਆਗੂਆਂ ਦੀ ਭੂਮਿਕਾ ਅਹਿਮ ਰਹਿਣ ਦੀ ਉਮੀਦ ਹੈ। ਭਾਜਪਾ ਨੇ ਇਨ੍ਹਾਂ ਸਿੱਖ ਚਿਹਰਿਆਂ ਦੀ ਸੂਚੀ ਜਾਰੀ ਕਰਕੇ ਫਿਲਹਾਲ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਹੈਰਾਨ ਕਰ ਦਿੱਤੇ ਹਨ। ਇਹ ਉਮੀਦਵਾਰ ਭਾਵੇਂ ਦੂਜੀਆਂ ਪਾਰਟੀਆਂ ਛੱਡ ਕੇ ਆਏ ਹਨ, ਪਰ ਇਨ੍ਹਾਂ ਦਾ ਆਪੋ-ਆਪਣੇ ਹਲਕਿਆਂ ਵਿਚ ਅਹਿਮ ਅਸਰ-ਰਸੂਖ ਹੈ।

ਉਧਰ ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਦੇ ਉਮੀਦਵਾਰ ਐਲਾਨੀ ਗਈ ਜਤਿੰਦਰ ਕੌਰ ਰੰਧਾਵਾ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਧਰਮਪਤਨੀ ਹੈ। ਇਹ ਚੋਣਾਂ ਵੱਖ-ਵੱਖ ਪਾਰਟੀਆਂ ਦੇ ਵਕਾਰ ਦਾ ਸਵਾਲ ਬਣ ਗਈਆਂ ਹਨ।

# ਕੈਨੇਡਾ ਦੇ ਵਾਲਮਾਰਟ 'ਚ ਪੰਜਾਬੀ ਕੁੜੀ ਦੀ ਸ਼ੱਕੀ ਹਾਲਾਤਾਂ 'ਚ ਮੌਤ, 2 ਸਾਲ ਪਹਿਲਾਂ ਹੀ ਗਈ ਸੀ ਵਿਦੇਸ਼






ਪੰਜਾਬ ਤੋਂ ਸੁਨਹਿਰੀ ਭਵਿੱਖ ਦੇ ਸੁਫ਼ਨੇ ਲੈ ਕੇ ਨੌਜਵਾਨ ਅਕਸਰ ਵਿਦੇਸ਼ਾ ਦਾ ਰੁਖ ਕਰਦੇ ਹਨ, ਪਰ ਉਨ੍ਹਾਂ ਦੇ ਪਰਿਵਾਰ 'ਤੇ ਉਸ ਵੇਲੇ ਦੁੱਖਾਂ ਦਾ ਪਹਾੜ ਟੁੱਟ ਜਾਂਦਾ ਹੈ, ਜਦੋਂ ਉਨ੍ਹਾਂ ਨੂੰ ਵਿਦੇਸ਼ ਤੋਂ ਮੰਦਭਾਗੀ ਖਬਰ ਮਿਲਦੀ ਹੈ। ਤਾਜ਼ਾ ਮਾਮਲਾ ਕੈਨੇਡਾ ਤੋਂ ਸਾਹਮਣੇ ਆਇਆ ਹੈ। ਇੱਥੇ ਵਾਲਮਾਰਟ ਵਿੱਚ ਪੰਜਾਬੀ ਕੁੜੀ ਦੀ ਸ਼ੱਕੀ ਹਾਲਤ ਵਿਚ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਗੁਰਸਿਮਰਨ ਕੌਰ ਵਜੋਂ ਹੋਈ ਹੈ, ਜੋ ਮੂਲ ਰੂਪ ਨਾਲ ਜਲੰਧਰ ਦੇ ਸੁਰਾਨੁੱਸੀ ਵਿਚ ਪੈਂਦੇ ਗੁਰੂ ਨਾਨਕ ਨਗਰ ਨਾਲ ਸਬੰਧਤ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਦੀ ਵਾਲਮਾਰਟ ਵਿੱਚ ਓਵਨ 'ਚ ਸੜਣ ਕਾਰਨ ਜਾਨ ਗਈ ਹੈ।

ਇਸ ਸਬੰਧੀ ਮ੍ਰਿਤਕਾ ਗੁਰਸਿਮਰਨ ਕੌਰ ਦੇ ਤਾਇਆ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ 2 ਸਾਲ ਪਹਿਲਾਂ ਹੀ ਪਰਿਵਾਰ ਸਮੇਤ ਕੈਨੇਡਾ ਗਿਆ ਸੀ। ਉਹ ਸਾਰੇ ਇੱਥੋਂ ਹੀ ਕੈਨੇਡਾ ਦੀ ਪੀ.ਆਰ. ਲੈ ਕੇ ਗਏ ਸਨ। ਗੁਰਸਿਮਰਨ ਕੌਰ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਸੀ ਤੇ ਸ਼ਨੀਵਾਰ ਤੇ ਐਤਵਾਰ ਨੂੰ ਆਪਣੀ ਮਾਂ ਨਾਲ ਵਾਲਮਾਰਟ ਵਿਚ ਕੰਮ ਕਰਦੀ ਸੀ। ਇਸ ਸ਼ਨੀਵਾਰ ਵੀ ਗੁਰਸਿਮਰਨ ਕੌਰ ਆਪਣੀ ਮਾਂ ਨਾਲ ਕੰਮ 'ਤੇ ਗਈ ਸੀ। ਉਸ ਦੀ ਮਾਂ ਕੰਮ ਤੋਂ ਵਾਪਸ ਆ ਗਈ ਤੇ ਕੁੱਝ ਦੇਰ ਬਾਅਦ ਹੀ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦੀ ਧੀ ਦੀ ਮੌਤ ਹੋ ਗਈ ਹੈ।

ਗੁਰਸਿਮਰਨ ਕੌਰ ਦੀ ਮੌਤ ਦਾ ਮਾਮਲਾ ਸ਼ੱਕੀ ਬਣਿਆ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਗੁਰਸਿਮਰਨ ਦੀ ਮੌਤ ਬੇਕਰੀ ਦੇ ਓਵਨ 'ਚ ਸੜਣ ਨਾਲ ਹੋਈ ਹੈ, ਪਰ ਪਰਿਵਾਰ ਦਾ ਕਹਿਣਾ ਹੈ ਕਿ ਸ਼ਨੀਵਾਰ ਤੇ ਐਤਵਾਰ ਨੂੰ ਤਾਂ ਇਹ ਓਵਨ ਚਲਾਏ ਹੀ ਨਹੀਂ ਜਾਂਦੇ। ਫ਼ਿਲਹਾਲ ਹੈਲੀਫੈਕਸ ਖੇਤਰੀ ਪੁਲਿਸ ਵੱਲੋਂ ਮੌਕੇ 'ਤੇ ਜਾਂਚ ਕੀਤੀ ਜਾ ਰਹੀ ਹੈ ਤੇ ਇਸੇ ਲਈ ਐਤਵਾਰ ਨੂੰ ਸਟੋਰ ਬੰਦ ਰੱਖਿਆ ਗਿਆ।

ਪੁਲਿਸ ਵੱਲੋਂ ਪਰਿਵਾਰ ਨੂੰ ਵੀ ਸਟੋਰ ਦੇ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ। ਉਨ੍ਹਾਂ ਵੱਲੋਂ ਮਾਮਲੇ ਨਾਲ ਜੁੜੇ ਵੇਰਵੇ ਵੀ ਸਾਂਝੇ ਨਹੀਂ ਕੀਤੇ ਜਾ ਰਹੇ। ਕਿਰਤ ਵਿਭਾਗ ਨੇ ਵੀ ਕਿਹਾ ਕਿ ਉਹ ਸਥਿਤੀ ਤੋਂ ਜਾਣੂੰ ਹੈ ਅਤੇ ਪੁਲਿਸ ਮੌਕੇ 'ਤੇ ਜਾਂਚ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਇਸ ਸਮੇਂ ਹੋਰ ਜਾਣਕਾਰੀ ਸਾਂਝੀ ਕਰਨ ਵਿਚ ਅਸਮਰੱਥ ਹਾਂ।

ਇਸ ਮਾਮਲੇ ਵਿਚ ਵਾਲਮਾਰਟ ਵੱਲੋਂ ਇਕ ਮੁਲਾਜ਼ਮ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ। ਵਾਲਮਾਰਟ ਦੇ ਬੁਲਾਰੇ ਅਮਾਂਡਾ ਮੌਸ ਨੇ ਇਕ ਬਿਆਨ ਵਿਚ ਕਿਹਾ ਕਿ ਸਾਡੇ ਸਹਿਯੋਗੀ ਦੀ ਮੌਤ ਨਾਲ ਸਾਡਾ ਦਿਲ ਟੁੱਟ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਮ੍ਰਿਤਕ ਮੁਲਾਜ਼ਮ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਹਮਦਰਦੀ ਰੱਖਦੇ ਹਾਂ। ਉਨ੍ਹਾਂ ਜਾਂਚ ਵਿਚ ਸਹਿਯੋਗ ਦਾ ਭਰੋਸਾ ਦਿਵਾਇਆ।

# ਬੀਸੀ : ਵਾਹਨਾਂ ਦੀ ਟੱਕਰ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ



ਡਾਊਨਟਾਊਨ ਵਿਕਟੋਰੀਆ ਵਿੱਚ 3 ਵਾਹਨਾਂ ਦੀ ਟੱਕਰ ਦੌਰਾਨ ਵਾਪਰੇ ਭਿਆਨਕ ਹਾਦਸੇ ਵਿੱਚ ਰਜਿੰਦਰ ਸਿੰਘ (24) ਪੁੱਤਰ ਹਰਬੰਸ ਸਿੰਘ ਵਾਸੀ ਬੋਹਾ (Boha) ਦੀ ਮੌਤ ਹੋ ਗਈ। ਰਾਜਿੰਦਰ ਸਿੰਘ ਆਪਣੀ ਕਾਰ ਸਮੇਤ ਡਗਲਸ ਅਤੇ ਹੰਬੋਲਟ ਸੜਕਾਂ ਦੇ ਖੇਤਰ ਵਿੱਚ ਬੱਤੀਆਂ 'ਤੇ ਰੁਕਿਆ ਹੋਇਆ ਸੀ। ਪੁਲਿਸ ਆਈ.ਆਈ.ਓ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਿਕਅੱਪ ਚਾਲਕ ਨੂੰ ਕੋਰਟਨੀ ਸਟਰੀਟ ਨੇੜੇ ਡਗਲਸ ਦੇ 900 ਬਲਾਕ ਵਿੱਚ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਰਿਪੋਰਟ ਤੋਂ ਬਾਅਦ ਪਤਾ ਲੱਗਾ ਕਿ ਉਹ ਗਲਤ ਤਰੀਕੇ ਨਾਲ ਗੱਡੀ ਚਲਾ ਰਿਹਾ ਸੀ। ਡਰਾਈਵਰ ਨਾ ਰੁਕਿਆ ਅਤੇ ਫਿਰ ਤੇਜ਼ ਰਫਤਾਰ ਨਾਲ ਬੱਸ ਸਮੇਤ ਹੋਰ ਵਾਹਨਾਂ ਨਾਲ ਟਕਰਾ ਗਿਆ। ਡਰਾਈਵਰ ਨੂੰ ਗ੍ਰਿਫ਼ਤਾਰ ਕਰਕੇ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਸ ਘਟਨਾ ਕਾਰਨ ਬੇਲੇਵਿਲ ਅਤੇ ਕੋਰਟਨੀ ਗਲੀਆਂ ਵਿਚਕਾਰ ਸੜਕੀ ਆਵਾਜਾਈ ਪੂਰੀ ਤਰ੍ਹਾਂ ਬੰਦ ਹੋ ਗਈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com



Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

# ਪੇਜ ਇੱਕ ਦੀ ਬਾਕੀ

## ਸੂਡਾਨ: ਮਸਜਿਦ 'ਤੇ ਹਵਾਈ...

ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਅਰਧ ਸੈਨਿਕ ਰੈਪਿਡ ਸਪੋਰਟ ਫੋਰਸਿਜ਼ (ਆਰ.ਐਸ.ਐਫ) ਨੇ ਦਸੰਬਰ 2023 ਵਿੱਚ ਸੂਡਾਨੀ ਆਰਮਡ ਫੋਰਸਿਜ਼ (ਐਸ.ਏ.ਐਫ) ਦੇ ਵਦ ਮਦਨੀ ਤੋਂ ਪਿੱਛੇ ਹਟਣ ਤੋਂ ਬਾਅਦ ਗੇਜ਼ੀਰਾ ਰਾਜ ਦਾ ਕੰਟਰੋਲ ਲੈ ਲਿਆ। ਮੱਧ ਅਪ੍ਰੈਲ 2023 ਤੋਂ ਸ਼ਅਫ ਅਤੇ ਸ਼ਫ ਵਿਚਕਾਰ ਇੱਕ ਘਾਤਕ ਸੰਘਰਸ਼ ਦੁਆਰਾ ਸੂਡਾਨ ਤਬਾਹ ਹੋ ਗਿਆ ਹੈ। 14 ਅਕਤੂਬਰ ਨੂੰ ਆਰਮਡ ਕੰਫਲਿਕਟ ਲੋਕੇਸ਼ਨ ਐਂਡ ਇਵੈਂਟ ਡੇਟਾ ਪ੍ਰੋਜੈਕਟ ਦੀ ਇੱਕ ਰਿਪੋਰਟ ਅਨੁਸਾਰ ਸੰਘਰਸ਼ ਦੇ ਨਤੀਜੇ ਵਜੋਂ 24,850 ਤੋਂ ਵੱਧ ਮੌਤਾਂ ਹੋਈਆਂ ਹਨ।

## ਸਾਡਾ ਧਿਆਨ ਰਿਪਬਲਿਕਨ...

ਕਿ ਚੋਣਾਂ 'ਚ ਲਿੰਗਵਾਦ ਦੀ ਭੂਮਿਕਾ ਹੋ ਸਕਦੀ ਹੈ ਕਿਉਂਕਿ ਉਹ ਵਾਈਟ ਹਾਊਸ ਲਈ ਚੁਣੀ ਗਈ ਪਹਿਲੀ ਮਹਿਲਾ ਹੈ। ਉਨ੍ਹਾਂ ਕਿਹਾ, 'ਡੋਨਲਡ ਟਰੰਪ ਉਹ ਵਿਅਕਤੀ ਹੈ ਜੋ ਆਜ਼ਾਦ ਦੇ ਨਿਰਪੱਖ ਚੋਣਾਂ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਨ੍ਹਾਂ ਲੋਕਾਂ ਦੀ ਇੱਛਾ ਨਕਾਰ ਦਿੱਤੀ, ਜਿਸ ਨੇ ਯੂਐੱਸ ਕੈਪੀਟਲ 'ਤੇ ਹਿੰਸਕ ਭੀੜ ਵੱਲੋਂ ਹਮਲਾ ਕਰਵਾਇਆ ਅਤੇ ਕਾਨੂੰਨ ਲਾਗੂ ਕਰਨ ਵਾਲੇ 140 ਦੇ ਕਰੀਬ ਅਫਸਰਾਂ 'ਤੇ ਹਮਲਾ ਕੀਤਾ ਗਿਆ। ਕੁਝ ਦੀ ਮੌਤ ਹੋ ਗਈ। ਇਹ ਬਹੁਤ ਗੰਭੀਰ ਮਸਲਾ ਹੈ।' ਉਨ੍ਹਾਂ ਕਿਹਾ ਕਿ ਟਰੰਪ 'ਤੇ 2020 ਦੀਆਂ ਚੋਣਾਂ ਪਲਟਣ ਦੀ ਕੋਸ਼ਿਸ਼ ਕਰਨ ਦਾ ਅਪਰਾਧਿਕ ਦੋਸ਼ ਲਾਇਆ ਗਿਆ ਅਤੇ ਟਰੰਪ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਰਾਸ਼ਟਰਪਤੀ ਜੋਅ ਬਾਇਡਨ ਤੋਂ ਹਾਰ ਗਏ। ਨਤੀਜੇ ਪਲਟਾਉਣ 'ਚ ਨਾਕਾਮ ਰਹਿਣ ਦੀ ਕਾਨੂੰਨੀ ਕੋਸ਼ਿਸ਼ ਮਗਰੋਂ ਟਰੰਪ ਹਮਾਇਤੀਆਂ ਦੀ ਭੀੜ ਨੇ 6 ਜਨਵਰੀ 2021 ਨੂੰ ਯੂਐੱਸ ਕੈਪੀਟਲ 'ਚ ਦੰਗਾ ਕੀਤਾ।

## ਫਿਲੀਪੀਨਜ਼ 'ਚ ਤੂਫਾਨ...

ਜ਼ਿਆਦਾਤਰ ਮੌਤਾਂ ਤੂਫ਼ਾਨ ਕਾਰਨ ਸਖ਼ਤ ਪ੍ਰਭਾਵਤ ਬਿਕੋਲ ਖੇਤਰ ਅਤੇ ਨੇੜਲੇ ਕਿਜ਼ੋਨ ਰਾਜ ਵਿੱਚ ਹੜ੍ਹ ਕਾਰਨ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ ਅਤੇ ਹੜ੍ਹ ਕਾਰਨ ਕਸਬੇ ਅਤੇ ਪਿੰਡ ਅਲੱਗ-ਥਲੱਗ ਹੋ ਗਏ ਹਨ ਅਤੇ ਜ਼ਮੀਨ ਖਿਸਕਣ ਕਾਰਨ ਦਰੱਖਤਾਂ ਦੇ ਡਿੱਗਣ ਕਾਰਨ ਸੜਕਾਂ ਬੰਦ ਹੋਣ ਦੀਆਂ ਖ਼ਬਰਾਂ ਹਨ।

ਖੇਤਰੀ ਪੁਲਿਸ ਮੁਖੀ ਬ੍ਰਿਗੇਡੀਅਰ ਜਨਰਲ ਆਂਦਰੇ ਡਿਜ਼ੋਨ ਅਤੇ ਹੋਰ ਅਧਿਕਾਰੀਆਂ ਨੇ ਕਿਹਾ ਕਿ ਤੂਫਾਨ ਨਾਲ ਜ਼ਿਆਦਾਤਰ ਮੌਤਾਂ ਮਨੀਲਾ ਦੇ ਦੱਖਣ-ਪੂਰਬ ਵਿੱਚ ਛੇ-ਸੂਬੇ ਦੇ ਬਿਕੋਲ ਖੇਤਰ ਵਿੱਚ ਹੋਈਆਂ, ਜਿੱਥੇ ਘੱਟੋ-ਘੱਟ 20 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚ ਨਾਗਾ ਸ਼ਹਿਰ ਦੇ ਸੱਤ ਵਾਸੀ ਸ਼ਾਮਲ ਹਨ, ਜੋ ਮੰਗਲਵਾਰ ਨੂੰ ਚੱਕਰਵਾਤੀ ਤੂਫ਼ਾਨ 'ਟਰਾਮੀ' ਕਾਰਨ ਆਏ ਹੜ੍ਹ ਵਿੱਚ ਡੁੱਬ ਗਏ ਸਨ। ਹੜ੍ਹ ਦੇ ਪਾਣੀ 'ਚ ਫਸੇ ਹਜ਼ਾਰਾਂ ਪਿੰਡ ਵਾਸੀਆਂ ਨੂੰ ਬਚਾਅ ਟੀਮਾਂ ਨੇ ਬਚਾ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਬਾਈਕੋਲ ਖੇਤਰ ਵਿਚ ਸਥਿਤੀ ਖਰਾਬ ਹੈ ਅਤੇ ਬਹੁਤ ਸਾਰੇ ਲੋਕ ਛੱਤਾਂ 'ਤੇ ਫਸੇ ਹੋਏ ਹਨ। ਡੀਜ਼ੋਨ ਨੇ ਕਿਹਾ ਕਿ ਲਗਭਗ 1,500 ਪੁਲਿਸ ਅਧਿਕਾਰੀਆਂ ਨੂੰ ਆਫ਼ਤ ਅਤੇ ਰਾਹਤ ਕਾਰਜਾਂ ਲਈ ਤਾਇਨਾਤ ਕੀਤਾ ਗਿਆ ਹੈ।

## ਕੈਨੇਡਾ: ਟਰੂਡੋ ਨੂੰ ਪਾਸੇ...

ਕਿਸੇ ਹੋਰ ਆਗੂ ਨੂੰ ਮੌਕਾ ਦੇਣਾ ਚਾਹੀਦਾ ਹੈ। ਨਿਰਾਸ਼ ਆਗੂ ਆਪਣੇ ਉਸ ਦਾਅਵੇ ਤੇ ਖਰੇ ਨਾ ਉੱਤਰ ਸਕੇ ਜਿਸ ਵਿੱਚ 40 ਮੈਂਬਰਾਂ ਦੇ ਦਸਤਖ਼ਤ ਹੋਣ ਦੀ ਗੱਲ ਇੱਕ ਦਿਨ ਪਹਿਲਾਂ ਕਹੀ ਗਈ ਸੀ। ਦਸਤਖ਼ਤ ਕਰਨ ਵਾਲੇ ਆਗੂਆਂ ਨੇ ਮੀਟਿੰਗ ਵਿੱਚ ਇਹ ਗੱਲ ਖੁੱਲ ਕੇ ਕਹੀ ਕਿ ਜਿਵੇਂ-ਜਿਵੇਂ ਦੇਰੀ ਹੋ ਰਹੀ ਹੈ, ਪਾਰਟੀ ਆਗੂਆਂ ਵਿੱਚ ਨਿਰਾਸ਼ਾ ਦਾ ਵਾਧਾ ਹੋ ਰਿਹਾ ਹੈ, ਜੋ ਕਿ ਪਾਰਟੀ ਦੇ ਭਵਿੱਖ ਲਈ ਵੱਡਾ ਖਤਰਾ ਹੈ।

ਜਾਣਕਾਰੀ ਅਨੁਸਾਰ ਕਈ ਆਗੂਆਂ ਨੇ ਪ੍ਰਧਾਨ ਮੰਤਰੀ ਨੂੰ ਖਰੀਆਂ-ਖਰੀਆਂ ਵੀ ਸੁਣਾਈਆਂ ਤੇ ਸਰਕਾਰ ਦੀਆਂ ਨਾਕਾਮੀਆਂ ਨੂੰ ਪਾਰਟੀ ਦਾ ਗਰਾਫ਼ ਹੇਠਾਂ ਡੇਗਣ ਦਾ ਕਾਰਨ ਗਰਦਾਨਿਆ। ਮੀਟਿੰਗ ਦੌਰਾਨ ਬੀਸੀ ਤੋਂ ਮੈਂਬਰ ਪਾਰਲੀਮੈਂਟ ਪੈਟਰਿਕ ਵੈਲਰ ਨੇ 24 ਮੈਂਬਰਾਂ ਦੇ ਦਸਤਖ਼ਤਾਂ ਵਾਲਾ ਪੱਤਰ ਪੜ੍ਹਿਆ ਜਿਸ ਵਿੱਚ ਜਸਟਿਨ ਟਰੂਡੋ ਤੋਂ ਅਸਤੀਫ਼ੇ ਦੀ ਮੰਗ ਕੀਤੀ ਗਈ ਸੀ।

ਇਸ ਦੌਰਾਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਟਰੂਡੋ ਕੁਝ ਵਿਰੋਧ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣਾ ਅਹੁਦਾ ਛੱਡ ਦੇਣਗੇ। ਮਿੱਲਰ ਜੋ ਕਿ ਟਰੂਡੋ ਦੇ ਨਜ਼ਦੀਕੀ ਦੋਸਤ ਹਨ, ਨੇ ਕਿਹਾ ਕਿ ਮੀਟਿੰਗ ਵਿਚ ਕੁਝ ਕੁ ਤਣਾਅ ਰਿਹਾ ਸੀ ਅਤੇ ਉਹ ਆਪਣੇ ਸਹਿਕਰਮੀਆਂ ਦਾ ਸਤਿਕਾਰ ਕਰਦੇ ਹਨ ਜਿਨ੍ਹਾਂ ਨੇ ਟਰੂਡੋ ਦੇ ਮੂੰਹ 'ਤੇ ਆਪਣੀ ਗੱਲ ਕਹਿਣ ਦੀ ਹਿੰਮਤ ਦਿਖਾਈ।

ਮੀਟਿੰਗ ਤੋਂ ਬਾਹਰ ਨਿਕਲਦਿਆਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿਚ ਟਰੂਡੋ ਨੇ ਕਿਹਾ ਲਿਬਰਲ ਪਾਰਟੀ ਮਜ਼ਬੂਤ ਅਤੇ ਇੱਕਜੁੱਟ ਹੈ। ਟਰੂਡੋ ਦੇ ਬਾਹਰ ਹੋਣ ਦੀ ਮੰਗ ਕਰਨ ਵਾਲਿਆਂ ਵਿਚ ਕੋਈ ਵੀ ਕੈਬਿਨੇਟ ਮੰਤਰੀ ਨਹੀਂ ਸੀ । ਟਰੂਡੋ ਨੇ ਕੌਕਸ ਨੂੰ ਕਿਹਾ ਹੈ ਕਿ ਉਹ ਇਸ ਬਾਰੇ ਜਵਾਬ ਦੇਣ ਵਿਚ ਕੁਝ ਸਮਾਂ ਲੈਣਗੇ।

## ਕੈਨੇਡਾ 'ਚ 1.3 ਲੱਖ ਭਾਰਤੀ...

ਵਿੱਚ ਬੇਲੋੜਾ ਡਰ ਪੈਦਾ ਕੀਤਾ ਹੈ। MYSO ਦੇ ਵਰੁਣ ਖੰਨਾ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਕੈਨੇਡਾ ਵਿੱਚ ਨੌਜਵਾਨ ਵਿਦਿਆਰਥੀ ਸਥਾਈ ਨਿਵਾਸ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਾ ਤਾਂ ਭਾਰਤ ਸਰਕਾਰ ਦਾ ਕੋਈ ਅਧਿਕਾਰੀ ਅਤੇ ਨਾ ਹੀ ਕੈਨੇਡੀਅਨ ਸਰਕਾਰ ਦਾ ਕੋਈ ਨੁਮਾਇੰਦਾ ਇਨ੍ਹਾਂ ਸੰਘਰਸ਼ਸ਼ੀਲ ਵਿਦਿਆਰਥੀਆਂ ਪ੍ਰਤੀ ਕੋਈ ਚਿੰਤਾ ਦਿਖਾ ਰਿਹਾ ਹੈ। ਇਸ ਦੀ ਬਜਾਏ, ਦੋਵਾਂ ਦੇਸ਼ਾਂ ਦੇ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਸਿਆਸਤ ਖੇਡ ਰਹੇ ਹਨ।

## ਬ੍ਰਿਟਿਸ਼ ਕੋਲੰਬੀਆ ਚੋਣਾਂ 'ਚ...


ਕੰਜ਼ਰਵੇਟਿਵ ਆਗੂ ਹਰਮਨ ਸਿੰਘ ਭੰਗੂ ਲੈਂਗਲੀ ਐਬੋਟਸਫੋਰਡ ਤੋਂ ਜੇਤੂ ਰਹੇ। ਕੰਜ਼ਰਵੇਟਿਵ ਆਗੂ ਹੋਨਵੀਰ ਸਿੰਘ ਰੰਧਾਵਾ ਸਰੀ ਗਿਲਡਫੋਰਡ ਤੋਂ 103 ਵੋਟਾਂ ਨਾਲ ਅੱਗੇ ਸਨ ਤੇ ਵੋਟਾਂ ਦੀ ਗਿਣਤੀ ਜਾਰੀ ਸੀ।

ਇਹ ਜਿੱਤ ਪੰਜਾਬੀ ਭਾਈਚਾਰੇ ਲਈ ਇੱਕ ਮਹੱਤਵਪੂਰਨ ਪਲ ਦੀ ਨਿਸ਼ਾਨਦੇਹੀ ਕਰਦੀ ਹੈ, ਜਿਸ ਨੇ ਲੰਬੇ ਸਮੇਂ ਤੋਂ ਬੀ ਸੀ ਦੇ ਸਮਾਜਿਕ-ਆਰਥਿਕ ਤਾਣੇ-ਬਾਣੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਖਾਸ ਕਰਕੇ ਸਰੀ ਅਤੇ ਐਬਟਸਫੋਰਡ ਵਰਗੇ ਸ਼ਹਿਰਾਂ ਵਿੱਚ, ਜਿੱਥੇ ਇੰਡੋ-ਕੈਨੇਡੀਅਨ ਆਬਾਦੀ ਦਾ ਇੱਕ ਵੱਡਾ ਹਿੱਸਾ ਰਹਿੰਦਾ ਹੈ। ਇਨ੍ਹਾਂ ਖੇਤਰਾਂ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਰਾਜਨੀਤਿਕ ਗਤੀਸ਼ੀਲਤਾ ਵਿੱਚ ਵਾਧਾ ਹੋਇਆ ਹੈ, ਜੋ ਸਥਾਨਕ ਭਾਈਚਾਰੇ ਦੇ ਨੇਤਾਵਾਂ ਨੇ ਰਾਜਨੀਤਿਕ ਪ੍ਰਤੀਨਿਧਤਾ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਹੈ। ਇਸ ਚੋਣ ਜਿੱਤ ਨੂੰ ਕੈਨੇਡੀਅਨ ਰਾਜਨੀਤੀ ਵਿੱਚ ਦੱਖਣੀ ਏਸ਼ੀਅਨਾਂ, ਖਾਸ ਤੌਰ 'ਤੇ ਪੰਜਾਬੀਆਂ ਦੀ ਨੁਮਾਇੰਦਗੀ ਨੂੰ ਵਧਾਉਣ ਵੱਲ ਇੱਕ ਹੋਰ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

**ਜੇਤੂ ਪੰਜਾਬੀਆਂ ਦੀ ਸੂਚੀ**

1. ਰਵੀ ਕਾਹਲੋਂ – ਡੈਲਟਾ ਨੌਰਥ (ਐੱਨਡੀਪੀ)
2. ਰਾਜ ਚੌਹਾਨ – ਬ੍ਰਿਟਿਸ਼ ਕੋਲੰਬੀਆ ਅਸੈਂਬਲੀ ਦੇ ਸਪੀਕਰ (ਐੱਨਡੀਪੀ)
3. ਜਗਰੂਪ ਬਰਾੜ – ਸਰੀ ਫਲੀਟਵੁੱਡ (ਐੱਨਡੀਪੀ)
4. ਮਨਦੀਪ ਧਾਲੀਵਾਲ– ਸਰੀ ਨਾਰਥ (ਕੰਜ਼ਰਵੇਟਿਵ ਪਾਰਟੀ)
5. ਰਵੀ ਪਰਮਾਰ – ਲੈਂਗਫੋਰਡ ਹਾਈਲੈਂਡ (ਐੱਨਡੀਪੀ)
6. ਸੁਨੀਤਾ ਧੀਰ – ਵੈਨਕੂਵਰ ਲੰਗਾਰਾ (ਐੱਨਡੀਪੀ)
7. ਰੀਆ ਅਰੋੜਾ – ਬਰਨਾਬੀ ਈਸਟ (ਐੱਨਡੀਪੀ)
8. ਹਰਵਿੰਦਰ ਕੌਰ ਸੰਧੂ – ਵਰਨੋਨਸ ਮੋਨਾਸ਼ੀ (ਐੱਨਡੀਪੀ)
9. ਨਿੱਕੀ ਸ਼ਰਮਾ – ਵੈਨਕੂਵਰ ਹੇਸਟਿੰਗਜ਼ (ਐੱਨਡੀਪੀ)
10. ਹਰਮਨ ਸਿੰਘ ਭੰਗੂ – ਲੈਂਗਲੀ ਐਬੋਟਸਫੋਰਡ (ਕੰਜ਼ਰਵੇਟਿਵ ਪਾਰਟੀ)
11. ਹੋਨਵੀਰ ਰੰਧਾਵਾ
12. ਜੈਸੀ ਸੁੰਨੜ
13. ਜੋਡੀ ਤੂਰ
14. ਸਟੀਵ ਕੂਨਰ

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installat on
CAT Batteries 1000c Under Warranty $550 Instalation Includec
MICHELIN BFGoodrich DUNLOP GOODYEAR Hankook Xceed AEOLUS ROADLUX



We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.


ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team
OPEN POSITION
General Labour
Forklift Operators
Sanitation Workers
Machine Operators
Mixers/ Bakers
Shippers/ Receivers
REQUIREMENTS:
The person should be fluent in english. Able to work long hours.
The person should be able to work full time with valid work permit or PR holders
APPLY NOW
Send your resume
disptach.accesspersonnel@gmail.com
Contactg: 416-675-2288
Shift Available
Morning
Afternoon
Night


JUSTIN TRUDEAU
IS WEAK ON CRIME. EXTORTION IS
357%
SINCE HE HAS BEEN PRIME MINISTER
ਜਸਟਿਨ ਟਰੂਡੋ
ਅਪਰਾਧ ਨੂੰ ਲੈ ਕੇ
ਬਿਲਕੁਲ ਸਖ਼ਤ ਨਹੀ ।
ਜਦੋਂ ਤੋਂ ਉਹ ਪ੍ਰਧਾਨ
ਮੰਤਰੀ ਬਣੇਯਾ ਹੈ,
ਵਸੂਲੀ 357%
ਵੱਧ ਗਈ ਹੈ ।
Pierre Poilievre has always been tough on crime and will keep your family safe from extortion.
ਪੀਅਰ ਪੌਲੀਐਵ ਹਮੇਸ਼ਾ ਅਪਰਾਧ ਤੇ ਸਖ਼ਤ ਰਿਹਾ ਹੈ ਅਤੇ ਤੁਹਾਡੇ ਪਰਿਵਾਰ ਨੂੰ ਵਸੂਲੀ ਤੋਂ ਸੁਰੱਖਿਅਤ ਰੱਖੇਗਾ।
TONY BALDINELLI MP
NIAGARA FALLS
PIERRE POILIEVRE
LEADER OF THE OFFICIAL OPPOSITION
TONY.BALDINELLI@PARL.GC.CA • 905-353-9590 • TONYBALDINELLIMP.CA


ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਵਿਸ਼ਵ ਦੇ ਮਹਾਨ ਖਿਡਾਰੀ ਬਾਸਕਟਬਾਲ ਦਾ ਬਾਦਸ਼ਾਹ ਲੇਬਰਾਨ ਜੇਮਸ



ਪ੍ਰਿੰਸੀਪਲ ਸਰਵਣ ਸਿੰਘ

ਲੇਬਰਾਨ ਜੇਮਸ ਨੇ ਓਲੰਪਿਕ ਖੇਡਾਂ 'ਚੋਂ ਇਕ ਬਰਾਂਜ਼ ਤੇ ਤਿੰਨ ਗੋਲਡ ਮੈਡਲ ਜਿੱਤੇ ਹਨ। ਚਾਰ ਵਾਰ ਐੱਨਬੀਏ ਦੀ ਚੈਂਪੀਅਨਸ਼ਿਪ ਜਿੱਤਿਆ ਤੇ ਅੱਠ ਵਾਰ ਐੱਨਬੀਏ ਦੇ ਫਾਈਨਲ ਮੈਚ ਖੇਡਿਆ ਹੈ। ਚਾਰ ਵਾਰ ਉਸ ਨੂੰ ਬਾਸਕਟਬਾਲ ਦਾ ਸਭ ਤੋਂ ਮੁੱਲਵਾਨ ਖਿਡਾਰੀ ਹੋਣ ਦਾ ਖ਼ਿਤਾਬ ਮਿਲਿਆ। 2024 ਦੀਆਂ ਓਲੰਪਿਕ ਖੇਡਾਂ ਦਾ ਵੀ ਉਹ ਐੱਮਵੀਐੱਸ ਹੈ ਮਤਲਬ ਮੋਸਟ ਵੈਲਿਊਏਬਲ ਖਿਡਾਰੀ। ਖੇਡ ਦੇ ਸਿਰ 'ਤੇ ਬਿਲੀਅਨ ਡਾਲਰਾਂ ਤੋਂ ਵੱਧ ਨਾਵਾਂ ਕਮਾ ਚੁੱਕੈ। 2003 ਤੋਂ ਉਹ ਐੱਨਬੀਏ 'ਚ ਖੇਡਣ ਲੱਗਾ ਸੀ ਅਤੇ ਉਮਰ ਦੇ 40ਵੇਂ ਸਾਲ ਵਿਚ ਵੀ ਖੇਡ ਰਿਹੈ। 2005 ਤੋਂ 2024 ਤਕ ਵੀਹ ਵਾਰ ਉਹ ਐੱਨਬੀਏ ਦੀ ਆਲ ਸਟਾਰ ਟੀਮ ਵਿਚ ਚੁਣਿਆ ਗਿਆ। 2008 ਦੀ ਐੱਮਬੀਏ ਚੈਂਪੀਅਨਸ਼ਿਪ 'ਚ ਉਹਦੇ ਸਭ ਤੋਂ ਵੱਧ ਅੰਕ ਸਨ। 2012 'ਚ ਉਹ ਬਾਸਕਟਬਾਲ ਦਾ 'ਅਥਲੀਟ ਆਫ਼ ਦਾ ਯੀਅਰ' ਐਲਾਨਿਆ ਗਿਆ। ਕਿਸੇ ਖਿਡਾਰੀ ਦਾ ਲਗਾਤਾਰ 21 ਸਾਲ ਖੇਡੀ ਜਾਣਾ ਤੇ ਉਹ ਵੀ ਵਿਸ਼ਵ ਪੱਧਰ 'ਤੇ, ਦੰਗ ਕਰ ਦੇਣ ਵਾਲੀ ਗੱਲ ਹੈ!

ਲੇਬਰਾਨ ਜੇਮਸ ਨੂੰ ਅਮਰੀਕਾ ਦਾ 'ਧਰਤੀਧੱਕ' ਕਿਹਾ ਜਾ ਸਕਦੈ। ਉਹਦਾ ਕੱਦ 6 ਫੁੱਟ 9 ਇੰਚ ਹੈ ਤੇ ਭਾਰ 113 ਕਿਲੋਗਰਾਮ। ਉਹਦੇ ਕੱਦ-ਕਾਠ ਤੋਂ ਮੈਨੂੰ ਸਰਹਾਲੀ ਦਾ ਡਿਸਕਸ ਥਰੋਅਰ ਪਰਵੀਨ ਕੁਮਾਰ ਯਾਦ ਆ ਗਿਆ ਹੈ। ਉਸ ਦਾ ਕੱਦ 6 ਫੁੱਟ 7 ਇੰਚ ਤੇ ਭਾਰ 125 ਕਿਲੋਗਰਾਮ ਸੀ। 1966 'ਚ ਲਿਖੇ ਉਹਦੇ ਸ਼ਬਦ ਚਿੱਤਰ ਦਾ ਨਾਂ ਮੈਂ 'ਧਰਤੀਧੱਕ' ਰੱਖਿਆ ਸੀ ਜੋ ਸਾਹਿਤਕ ਰਸਾਲੇ 'ਆਰਸੀ' ਵਿਚ ਛਪਿਆ। ਉਦੋਂ ਤੋਂ ਹੀ ਮੈਨੂੰ ਖਿਡਾਰੀਆਂ ਬਾਰੇ ਲਿਖਣ ਦੀ ਚੇਟਕ ਲੱਗੀ। ਏਸ਼ੀਆ ਦੇ ਚੈਂਪੀਅਨ ਪਰਵੀਨ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡਾਂ ਦੇ ਮੈਡਲ ਜਿੱਤਣ ਪਿੱਛੋਂ ਟੀਵੀ ਦੇ ਮਹਾਂਭਾਰਤ ਸੀਰੀਅਲ ਵਿਚ ਭੀਮ ਸੈਨ ਦਾ ਰੋਲ ਵੀ ਅਦਾ ਕੀਤਾ ਸੀ। ਦਾਰੇ ਪਹਿਲਵਾਨ ਵਾਂਗ ਹਿੰਦੀ ਡਾਇਲਾਗ ਉਹ ਵੀ ਪੰਜਾਬੀ ਵਾਂਗ ਹੀ ਬੋਲਦਾ ਸੀ। ਕਹਿੰਦੇ ਹਨ ਕਿ ਫਿਲਮਾਂ ਬਣਾਉਣ ਵਾਲਿਆਂ ਨੇ ਦਾਰੇ ਨੂੰ ਹਿੰਦੀ ਬੋਲਣੀ ਸਿਖਾਉਣ ਲਈ ਹਿੰਦੀ ਦੇ ਟਿਊਟਰ ਦਾ ਪ੍ਰਬੰਧ ਕੀਤਾ। ਮਹੀਨਿਆਂ ਦੀ ਮਗਜ਼ ਖਪਾਈ ਪਿੱਛੋਂ ਦਾਰਾ ਤਾਂ ਹਿੰਦੀ ਬੋਲਣੀ ਸਿੱਖ ਨਾ ਸਕਿਆ ਪਰ ਹਿੰਦੀ ਦਾ ਟਿਊਟਰ ਹਿੰਦੀ ਭੁੱਲ ਗਿਆ ਤੇ ਦਾਰੇ ਵਾਂਗ ਪੰਜਾਬੀ ਬੋਲਣ ਲੱਗ ਪਿਆ!

ਪਟਿਆਲੇ ਕੋਚਿੰਗ ਕੈਂਪ 'ਚ ਪਰਵੀਨ ਭਾਊ ਨੇ ਮੈਨੂੰ ਭੇਤ ਦੀ ਗੱਲ ਦੱਸੀ, "ਭਾਅ ਜੀ, ਲੰਮੇ ਕੱਦ ਦਾ ਫੈਦਾ ਵੀ ਆ ਤੇ ਨੁਕਸਾਨ ਵੀ।" ਮੈਂ ਪੁੱਛਿਆ "ਉਹ ਕਿਵੇਂ?" ਕਹਿੰਦਾ, "ਰਿਕਸ਼ੇ 'ਤੇ ਚੜ੍ਹਾਂ ਤਾਂ ਦੂਣਾ ਕਿਰਾਇਆ ਦੇਣਾ ਪੈਂਦਾ। ਸਿਨਮਾ ਦੇਖਾਂ ਤਾਂ ਪਿਛਲੀਆਂ ਕਤਾਰਾਂ ਵਾਲੇ 'ਪਲੀਜ਼-ਪਲੀਜ਼' ਕਰੀ ਜਾਂਦੇ ਆ। ਜਹਾਜ਼ ਚੜ੍ਹਾਂ ਤਾਂ ਕੁਰਸੀ ਹੇਠੋਂ ਢਿਲਕ ਜਾਂਦੀ ਆ। ਲੱਗਦੈ ਗਈ ਕਿ ਗਈ! ਗੱਡੀ ਚੜ੍ਹਾਂ ਤਾਂ ਬੱਚੇ ਵੇਖ ਕੇ ਹੱਸਣ ਲੱਗਦੇ ਆ। ਅੱਗੋਂ ਮੈਂ ਵੀ ਮੂੰਹ ਖੋਲ੍ਹ ਲਵਾਂ ਤਾਂ ਡਾਡਾਂ ਮਾਰਦੇ ਮਾਵਾਂ ਦੀਆਂ ਗੋਦੀਆਂ 'ਚ ਲੁਕਣ ਲੱਗਦੇ ਆ ਪਈ ਆਹ ਦਿਓ ਜਿਆ ਕਿਤੇ ਖਾ ਈ ਨਾ ਜਾਵੇ!"

ਇਕੇਰਾਂ ਉਹ ਰੇਲ ਗੱਡੀ 'ਚ ਰਜਾਈ ਲੈ ਕੇ ਸੌਂ ਗਿਆ। ਉਹਦੇ ਵਰਗਾ ਇਕ ਹੋਰ ਮੁਸਾਫ਼ਿਰ ਆਇਆ ਜੀਹਨੂੰ ਸੌਣ ਨੂੰ ਤਾਂ ਕੀ, ਬਹਿਣ ਨੂੰ ਥਾਂ ਵੀ ਨਹੀਂ ਸੀ ਮਿਲ ਰਹੀ। ਉਸ ਨੇ ਪਰਵੀਨ ਨੂੰ ਕਿਹਾ, "ਭਾਅ ਜੀ, ਰਤਾ ਗੋਡੇ ਮੋੜ ਲਓ, ਮੈਂ ਵੀ ਬਹਿ ਲਵਾਂ।" ਗੋਡੇ ਮਖੌਲੀਏ ਪਰਵੀਨ ਦੇ ਪਹਿਲਾਂ ਹੀ ਮੋੜੇ ਹੋਏ ਸਨ। ਉਸ ਨੇ ਸਿੱਧੇ ਕਰ ਲਏ। ਸਿਰ ਪਹਿਲਾਂ ਹੀ ਰਜਾਈ ਤੋਂ ਬਾਹਰ ਸੀ, ਫਿਰ ਪੈਰ ਵੀ ਬਾਹਰ ਨਿਕਲ ਆਏ। ਮੁਸਾਫ਼ਿਰ ਕਦੇ ਸਿਰ ਵੱਲ ਤੇ ਕਦੇ ਪੈਰਾਂ ਵੱਲ ਵੇਖਦਾ ਬੋਲਿਆ, "ਤਾਂਹੀਏਂ।" ਪਰਵੀਨ ਨੇ ਪੁੱਛਿਆ,

"ਤਾਂਹੀਏਂ ਕੀ?"

"ਮੈਂ ਸਮਝਿਆ ਸੀ, ਕੋਈ ਬੰਦਾ ਪਿਆ!"

ਲੇਬਰਾਨ ਜੇਮਸ ਦਾ ਰੰਗ ਸਾਂਵਲਾ, ਨੈਣ ਨਕਸ਼ ਮੋਟੇ ਠੁੱਲ੍ਹੇ, ਲੱਤਾਂ ਬਾਹਾਂ ਲੰਮੀਆਂ ਤੇ ਵਾਲ਼ ਛੱਲੇਦਾਰ ਹਨ। ਮੱਥਾ ਖੁੱਲ੍ਹਾ, ਨੱਕ ਚੌੜਾ, ਬੁੱਲ੍ਹ ਢਾਲੂ, ਦੰਦ ਚਿੱਟੇ, ਦਾੜ੍ਹੀ ਭਰਵੀਂ ਤੇ ਕੰਨ ਗੋਲ ਮੋਲ। ਸਮੁੱਚਾ ਪ੍ਰਭਾਵ ਬਾਤਾਂ ਵਿਚਲੇ ਦਿਓ ਦਾ ਹੀ ਪੈਂਦਾ ਹੈ। ਉਸ ਨੂੰ ਵੀ ਕੋਈ ਬੱਚਾ ਵੇਖੇ ਤਾਂ ਪਹਿਲਾਂ ਹੱਸੇ ਤੇ ਫਿਰ ਜਦੋਂ ਲੇਬਰਾਨ ਮੁਸਕਰਾਉਂਦਾ ਹੋਇਆ ਬੱਚੇ ਵੱਲ ਬਾਹਾਂ ਵਧਾਵੇ ਤਾਂ ਉਹੀ ਬੱਚਾ ਡਰਦਾ ਮਾਰਾ ਡਾਡਾਂ ਮਾਰਨ ਲੱਗੇ ਪਈ ਦਿਓ ਮੈਨੂੰ ਪੈ ਚੱਲਿਆ!



ਕੰਗਾਲ ਤੋਂ ਅਰਬਪਤੀ ਬਣੇ ਲੇਬਰਾਨ ਜੇਮਸ ਦਾ ਜਨਮ 30 ਦਸੰਬਰ 1984 ਨੂੰ ਅਮਰੀਕਾ ਦੀ ਓਹਾਇਓ ਸਟੇਟ ਦੇ ਸ਼ਹਿਰ ਐਕਰਨ ਵਿਚ ਗਲੋਰੀਆ ਮੈਰੀ ਜੇਮਸ ਦੀ ਕੁੱਖੋਂ ਹੋਇਆ ਸੀ। ਉਹਦਾ ਪਿਓ ਐਂਥੋਨੀ ਮਕਲੈਂਡ ਜਰਾਇਮ ਪੇਸ਼ਾ ਬੰਦਾ ਸੀ ਜੋ ਸੋਲਾਂ ਸਾਲ ਦੀ ਨਵਵਿਆਹੀ ਪਤਨੀ ਤੇ ਨਵਜੰਮੇ ਪੁੱਤ ਨੂੰ ਛੱਡ ਕੇ ਕਿਤੇ ਟਿੱਭ ਗਿਆ ਸੀ। ਵਿਚਾਰੀ 'ਕੱਲੀ ਕਾਰੀ ਮਾਂ ਨੇ ਰੁਲ਼ਦਿਆਂ ਖੁਲ਼ਦਿਆਂ ਨਾ ਸਿਰਫ਼ ਪੁੱਤਰ ਨੂੰ ਪਾਲਿਆ ਸਗੋਂ ਬਾਸਕਟਬਾਲ ਦਾ ਅਜਿਹਾ ਖਿਡਾਰੀ ਬਣਾਇਆ ਜੋ ਬਾਸਕਟਬਾਲ ਦਾ ਕਿੰਗ ਕਹਾਇਆ। ਉਹ 2003 ਤੋਂ ਪ੍ਰੋਫ਼ੈਸ਼ਨਲ ਬਾਸਕਟਬਾਲ ਖੇਡ ਰਿਹੈ ਤੇ 40000 ਤੋਂ ਵੱਧ ਅੰਕ ਹਾਸਲ ਕਰ ਚੁੱਕੈ! 40 ਸਾਲਾਂ ਨੂੰ ਢੁੱਕ ਕੇ ਵੀ ਉਹ ਐੱਨਬੀਏ ਲੀਗ ਦਾ ਸਰਗਰਮ ਖਿਡਾਰੀ ਹੈ।

ਜਨਮ ਤੋਂ ਪਿਉ ਵਿਹੂਣੇ ਪੁੱਤ ਨੇ ਮਾਂ ਦੀ ਮਿਹਨਤ ਸਦਕਾ ਆਪਣੀ ਖੇਡ ਨਾਲ ਬਿਲੀਅਨ ਡਾਲਰਾਂ ਤੋਂ ਵੱਧ ਨਾਵਾਂ ਤੇ ਵਿਸ਼ਵ ਪੱਧਰ 'ਤੇ ਨਾਮਣਾ ਖੱਟ ਲਿਆ ਹੈ। ਉਹਦੇ ਵਾਂਗ ਹੋਰਨਾਂ ਦੇਸ਼ ਵਿਚ ਹੀ ਐਸੇ ਖਿਡਾਰੀ ਹਨ ਜੋ ਗੋਦੜੀ ਦੇ ਲਾਲ ਸਾਬਤ ਹੋਏ ਹਨ। ਲੇਬਰਾਨ ਦੀ ਮਾਂ ਕੋਲ ਨਾ ਕੋਈ ਪੱਕਾ ਰੈਣ ਬਸੇਰਾ ਸੀ ਤੇ ਨਾ ਕੋਈ ਪੱਕੀ ਨੌਕਰੀ। 'ਕੱਲੀ ਕਾਰੀ ਮਾਂ ਨੇ ਕੰਮ ਵੀ ਲੱਭਿਆ ਤੇ ਰੈਣਬਸੇਰਾ ਵੀ। ਲੇਬਰਾਨ ਨੂੰ ਐਕਰਨ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਨੇ ਪਾਇਆ ਤਾਂ ਪਹਿਲਾਂ ਉਸ ਨੂੰ ਫੁੱਟਬਾਲ ਖੇਡਣ ਦੀ ਚੇਟਕ ਲੱਗੀ। ਸੇਂਟ ਵਿਨਸੈਂਟ-ਸੇਂਟ ਮੈਰੀ ਕੈਥੋਲਿਕ ਹਾਈ ਸਕੂਲ 'ਚ ਉਹ ਬਾਸਕਟਬਾਲ ਖੇਡਣ ਲੱਗਾ। ਉਥੇ ਉਹ ਓਹਾਇਓ ਦੇ ਸਕੂਲਾਂ ਦਾ ਸਟਾਰ ਖਿਡਾਰੀ ਬਣ ਗਿਆ। ਉਸ ਦਾ ਪਹਿਲਾਂ ਕੋਚ ਫਰੈਂਕ ਵਾਕਰ ਸੀ ਜਿਸ ਨੇ ਜੇਮਸ ਅੰਦਰ ਛੁਪੀ ਬਾਸਕਟਬਾਲ ਦੀ ਪ੍ਰਤਿਭਾ ਭਾਂਪੀ। ਸਕੂਲ 'ਚ ਖੇਡਦਿਆਂ ਹੀ ਉਸ ਦਾ ਨਾਂ ਸਟੇਟ ਪੱਧਰ ਤੋਂ ਨੈਸ਼ਨਲ ਪੱਧਰ ਤਕ ਪੁੱਜ ਗਿਆ। ਉਹ ਅਮਰੀਕਾ ਦੇ ਬਾਸਕਟਬਾਲ ਅੰਬਰ 'ਤੇ ਚੜ੍ਹਿਆ ਨਵਾਂ ਸਿਤਾਰਾ ਸਮਝਿਆ ਜਾਣ ਲੱਗਾ। ਫਿਰ ਉਸ ਨੂੰ ਐੱਨਬੀਏ 'ਚ ਸ਼ਾਮਲ ਕੀਤੇ ਜਾਣ ਦੀਆਂ ਗੱਲਾਂ ਹੋਣ ਲੱਗੀਆਂ।

ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਨਾਰਥ ਅਮਰੀਕਾ ਦੀ ਪੇਸ਼ਾਵਰ ਬਾਸਕਟਬਾਲ ਲੀਗ ਹੈ। ਉਸ ਵਿਚ ਕੈਨੇਡਾ ਦੀ 1 ਤੇ ਅਮਰੀਕਾ ਦੀਆਂ 29 ਟੀਮਾਂ ਸ਼ਾਮਲ ਹਨ। ਉਹ ਵਿਸ਼ਵ ਦੀ ਪ੍ਰੀਮੀਅਰ ਪ੍ਰੋਫੈਸ਼ਨਲ ਲੀਗ ਸਮਝੀ ਜਾਂਦੀ ਹੈ ਜੋ ਬਾਸਕਟਬਾਲ ਐਸੋਸੀਏਸ਼ਨ ਆਫ਼ ਅਮਰੀਕਾ ਅਤੇ ਨੈਸ਼ਨਲ ਬਾਸਕਟਬਾਲ ਲੀਗ ਨੂੰ ਮਿਲਾ ਕੇ 3 ਅਗੱਸਤ 1949 ਨੂੰ ਹੋਂਦ ਵਿਚ ਆਈ ਸੀ। ਬੀਏਏ ਕਿਉਂਕਿ 6 ਜੂਨ 1946 ਨੂੰ ਬਣੀ ਸੀ ਇਸ ਲਈ ਐੱਨਬੀਏ ਦਾ ਇਤਿਹਾਸ 6 ਜੂਨ 1946 ਤੋਂ ਹੀ ਅੰਕਿਆ ਜਾਂਦਾ ਹੈ। ਐੱਨਬੀਏ ਦਾ ਬਾਕਾਇਦਾ ਸੀਜ਼ਨ ਅਕਤੂਬਰ ਤੋਂ ਅਪ੍ਰੈਲ ਤਕ ਚਲਦਾ ਹੈ ਜਿਸ ਵਿਚ ਹਰ ਟੀਮ 82 ਮੈਚ ਖੇਡਦੀ ਹੈ। ਜੂਨ ਤੱਕ ਫਾਈਨਲ ਚੈਂਪੀਅਨਸ਼ਿਪਸ ਦੀ ਲੜੀ ਚਲਦੀ ਹੈ। 2020 ਦੀ ਗੱਲ ਕਰੀਏ ਤਾਂ ਐੱਨਬੀਏ ਦੇ ਖਿਡਾਰੀਆਂ ਨੂੰ ਬਾਕੀ ਸਭ ਲੀਗਾਂ ਨਾਲੋਂ ਔਸਤਨ ਸਭ ਤੋਂ ਵੱਧ ਪੈਸੇ ਮਿਲੇ। ਇਸ ਦਾ ਹੈੱਡ ਆਫਿਸ ਨਿਊ ਯੌਰਕ ਦੇ ਮਿਡਟਾਊਨ ਮੈਨਹਟਨ ਵਿਚ ਹੈ। ਇਸ ਵੇਲੇ ਆਮਦਨ ਪੱਖੋਂ ਨੈਸ਼ਨਲ ਫੁੱਟਬਾਲ ਲੀਗ ਸਭ ਤੋਂ ਵੱਧ ਅਮੀਰ ਹੈ, ਦੂਜੇ ਨੰਬਰ 'ਤੇ ਮੇਜਰ ਲੀਗ ਬੇਸਬਾਲ ਤੇ ਤੀਜੇ ਥਾਂ ਐੱਨਬੀਏ ਹੈ। 2024 ਤਕ ਬੋਸਟਨ ਸੈੱਲਟਿਕਸ ਨੇ ਐੱਨਬੀਏ ਦੇ 18 ਟਾਈਟਲ ਜਿੱਤੇ ਹਨ ਜੋ ਸਭ ਤੋਂ ਵੱਧ ਹਨ। ਲੇਬਰਾਨ 2003 ਤੋਂ ਕਲੀਵਲੈਂਡ ਕੈਵਲੀਅਰਜ਼ ਕਲੱਬ ਵੱਲੋਂ ਐੱਨਬੀਏ ਚੈਂਪੀਅਨਸ਼ਿਪ ਖੇਡਣ ਲੱਗਾ ਸੀ ਜੋ ਲਗਾਤਾਰ 2010 ਤਕ ਖੇਡਦਾ ਰਿਹਾ। 2010 ਤੋਂ ਉਹ ਮਿਆਮੀ ਹੀਟ ਵੱਲੋਂ ਖੇਡਣ ਲੱਗ ਪਿਆ ਜਿਸ ਵਿਚ 2014 ਤਕ ਖੇਡਿਆ। ਇਸ ਦੌਰਾਨ ਲੇਬਰਾਨ ਨੇ 2012 ਤੇ 13 ਵਿਚ ਦੋ ਬੀਐੱਨਏ ਚੈਂਪੀਅਨਸ਼ਿਪਸ ਜਿੱਤੀਆਂ। ਦੋ ਵਾਰ ਉਹ ਸਭ ਤੋਂ ਮੁੱਲਵਾਨ ਖਿਡਾਰੀ ਸਿੱਧ ਹੋਇਆ। ਮਿਆਮੀ ਹੀਟ ਨਾਲ ਇਹ ਸਮਾਂ ਉਹਦੇ ਖੇਡ ਕੈਰੀਅਰ ਦਾ ਬਿਹਤਰੀਨ ਸਮਾਂ ਗਿਣਿਆ ਜਾਂਦਾ ਹੈ। ਮਿਆਮੀ ਹੀਟ ਵਿਚ ਖੇਡਦਿਆਂ ਉਸ ਨੇ ਆਪਣੀ ਖੇਡ ਤਕਨੀਕ ਵਿਚ ਕਈ ਸੁਧਾਰ ਕੀਤੇ। ਖ਼ਾਸ ਕਰਕੇ 3-ਪੁਆਇੰਟ ਤਕਨੀਕ ਨੂੰ ਸੁਧਾਰਿਆ। 2014 ਤੋਂ 2018 ਤਕ ਉਹ ਮੁੜ ਕਲੀਵਲੈਂਡ ਕੈਵਲੀਅਰਜ਼ ਨੂੰ ਰੰਗ ਭਾਗ ਲਾਉਂਦਾ ਰਿਹਾ। ਕੈਰੀ ਆਇਰਵਿੰਗ ਤੇ ਕੇਵਿਨ ਲਵ ਦੇ ਸਹਿਯੋਗ ਨਾਲ 2016 ਦੀ ਐੱਨਬੀਏ ਚੈਂਪੀਅਨਸ਼ਿਪ ਆਪਣੇ ਸ਼ਹਿਰ ਦੇ ਕਲੱਬ ਨੂੰ ਜਿੱਤਾਈ। ਤਦ ਤਕ ਉਹਦੀ ਗੁੱਡੀ ਏਨੀ ਚੜ੍ਹ ਚੁੱਕੀ ਸੀ ਕਿ ਨਾਮੀ ਕਲੱਬ ਲਾਸ ਏਂਜਲਸ ਲੇਕਰਜ਼ ਨੇ ਉਸ ਨੂੰ ਮੂੰਹ ਮੰਗੇ ਡਾਲਰ ਦੇ ਕੇ ਆਪਣੇ ਵੱਲੋਂ ਖੇਡਣ ਲਾ ਲਿਆ। ਉਦੋਂ ਤੋਂ ਹੁਣ ਤੱਕ ਉਹ ਉਸੇ ਕਲੱਬ ਵੱਲੋਂ ਖੇਡ ਰਿਹੈ ਤੇ ਲਾਸ ਏਂਜਲਸ ਲੇਕਰਜ਼ ਦਾ ਨਾਂ ਕੁਲ ਦੁਨੀਆ 'ਚ ਚਮਕਾ ਰਿਹੈ।

2018 'ਚ ਲੇਬਰਾਨ ਜੇਮਸ ਨੇ ਲਾਸ ਏਂਜਲਸ ਲੇਕਰਜ਼ ਨਾਲ ਇਕ ਇਸ਼ਤਿਹਾਰੀ ਕਾਂਟ੍ਰੈਕਟ 'ਤੇ ਦਸਖ਼ਤ ਕੀਤੇ। ਲੇਕਰਜ਼ ਵੱਲੋਂ ਖੇਡਦਿਆਂ ਉਸ ਨੇ ਕਾਂਟ੍ਰੈਕਟ ਦਾ ਪੂਰਾ ਮੁੱਲ ਮੋੜਿਆ। 2020 'ਚ ਉਸ ਨੇ ਲੇਕਰਜ਼ ਨੂੰ ਐੱਨਬੀਏ ਚੈਂਪੀਅਨਸ਼ਿਪ ਜਿੱਤ ਦਿੱਤੀ। ਲੇਬਰਾਨ ਦੀ ਖੇਡ ਕਲਾ ਸਿਰਫ਼ ਸਕੋਰ ਕਰਨ ਤਕ ਹੀ ਸੀਮਤ ਨਹੀਂ। ਉਹ ਸ਼ਾਨਦਾਰ ਸਹਾਇਕ ਖਿਡਾਰੀ, ਰੀਬਾਊਂਡਰ ਤੇ ਡਿਫੈਂਸਿਵ ਖਿਡਾਰੀ ਵੀ ਹੈ। ਕੋਰਟ ਵਿਚ ਉਸ ਦੀ ਹੌਂਸਲੇ ਵਾਲੀ ਮੌਜੂਦਗੀ ਤੇ ਅਗਵਾਈ ਉਸ ਨੂੰ 'ਮਹਾਨ ਖਿਡਾਰੀਆਂ' ਦੀ ਲਿਸਟ 'ਚ ਲਿਆ ਖੜ੍ਹਾ ਕਰਦੀ ਹੈ। 2023 ਵਿਚ ਉਸ ਨੇ ਲਾਸ ਏਂਜਲਸ ਲੇਕਰਜ਼ ਲਈ ਪਹਿਲਾ ਐੱਨਬੀਏ ਕੱਪ ਵੀ ਜਿੱਤਿਆ। ਉਹ ਇਸ ਵੇਲੇ ਐੱਨਬੀਏ 'ਚ ਖੇਡਣ ਵਾਲਾ ਸਭ ਤੋਂ ਵੱਡਉਮਰਾ ਖਿਡਾਰੀ ਹੈ। 7 ਫਰਵਰੀ 2023 ਤੋਂ ਪਹਿਲਾਂ ਐੱਨਬੀਏ ਲੀਗ 'ਚੋਂ ਸਭ ਤੋਂ ਵੱਧ ਅੰਕ ਲੈਣ ਦਾ ਰਿਕਾਰਡ ਕਰੀਮ ਅਬਦੁੱਲ-ਜੱਬਾਰ ਦੇ ਨਾਂ ਹੁੰਦਾ ਸੀ ਜੋ ਹੁਣ ਲੇਬਰਾਨ ਜੇਮਸ ਦੇ ਨਾਂ ਹੈ। 'ਟਾਈਮ' ਮੈਗਜ਼ੀਨ ਅਨੁਸਾਰ 2005, 2013, 2017 ਤੇ 2019 ਦੇ ਵਿਸ਼ਵ ਪ੍ਰਸਿੱਧ 100 ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਉਹਦਾ ਨਾਂ ਸ਼ਾਮਲ ਕੀਤਾ ਜਾਂਦਾ ਰਿਹਾ। ਉਸ ਨੂੰ ਮਿਲੇ ਮਾਣ ਸਨਮਾਨਾਂ ਦਾ ਕੋਈ ਲੇਖਾ ਨਹੀਂ। ਉਹ 1911 ਤੋਂ ਲਿਵਰਪੂਲ ਫੁੱਟਬਾਲ ਕਲੱਬ ਦਾ ਵੀ ਪਾਰਟਨਰ ਹੈ। ਉਸ ਨੇ ਲੇਬਰਾਨ ਫੈਮਿਲੀ ਫਾਊਂਡੇਸ਼ਨ ਬਣਾਈ ਹੈ ਜੋ ਐਕਰੋਨ ਵਿਖੇ ਐਲੀਮੈਂਟਰੀ ਸਕੂਲ, ਹਾਊਸਿੰਗ ਕੰਪਲੈਕਸ, ਰੀਟੇਲ ਪਲਾਜ਼ਾ ਤੇ ਮੈਡੀਕਲ ਸੈਂਟਰ ਚਲਾ ਰਹੀ ਹੈ।

ਲੇਬਰਾਨ ਜੇਮਸ ਕੇਵਲ 19 ਸਾਲਾਂ ਦਾ ਸੀ ਜਦੋਂ ਏਥਨਜ਼ ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਬਾਸਕਟਬਾਲ ਟੀਮ 'ਚ ਚੁਣਿਆ ਗਿਆ। ਅਮਰੀਕੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। 2006 ਦੀ ਫੀਬਾ ਵਿਸ਼ਵ ਚੈਂਪੀਅਨਸ਼ਿਪ ਲਈ ਉਹ ਫਿਰ ਅਮਰੀਕਾ ਦੀ ਟੀਮ ਵਿਚ ਖੇਡਿਆ। ਉਥੇ ਵੀ ਅਮਰੀਕੀ ਟੀਮ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਪਰ ਬੀਜਿੰਗ-2008 ਦੀਆਂ ਓਲੰਪਿਕ ਖੇਡਾਂ 'ਚੋਂ ਅਮਰੀਕਾ ਦੀ ਟੀਮ ਨੇ ਗੋਲਡ ਮੈਡਲ ਜਿੱਤਿਆ ਜੋ ਲੇਬਰਾਨ ਦਾ ਪਹਿਲਾ ਓਲੰਪਿਕ ਗੋਲਡ ਬਣਿਆ। ਉਥੇ ਅਮਰੀਕੀ ਟੀਮ ਕੋਈ ਵੀ ਮੈਚ ਨਹੀਂ ਹਾਰੀ। 2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ ਵੀ ਅਮਰੀਕਾ ਦੀ ਟੀਮ ਗੋਲਡ ਮੈਡਲ ਜਿੱਤੀ ਜਿਸ ਨਾਲ ਲੇਬਰਾਨ ਦੇ ਦੋ ਓਲੰਪਿਕ ਗੋਲਡ ਮੈਡਲ ਹੋ ਗਏ।

12 ਸਾਲ ਓਲੰਪਿਕ ਖੇਡਾਂ ਲਾਂਭੇ ਰਹਿਣ ਪਿੱਛੋਂ ਉਹ 2024 ਦੀਆਂ ਓਲੰਪਿਕ ਖੇਡਾਂ ਵਿਚ ਫਿਰ ਸ਼ਾਮਲ ਹੋਇਆ ਜੋ ਪੈਰਿਸ ਵਿਖੇ ਹੋਈਆਂ। ਅਮਰੀਕਾ ਦੇ 592 ਖਿਡਾਰੀਆਂ ਦੇ ਦਲ ਦੀ ਅਗਵਾਈ ਇਕ ਪੁਰਸ਼ ਖਿਡਾਰੀ ਤੇ ਇਕ ਔਰਤ ਖਿਡਾਰਨ ਨੇ ਕਰਨੀ ਸੀ। ਪੁਰਸ਼ ਖਿਡਾਰੀਆਂ 'ਚੋਂ ਅਮਰੀਕਾ ਦਾ ਝੰਡਾਬਰਦਾਰ ਲੇਬਰਾਨ ਜੇਮਸ ਨੂੰ ਬਣਾਇਆ ਗਿਆ। ਓਲੰਪਿਕ ਖੇਡਾਂ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਸੀ ਕਿ ਅਮਰੀਕਾ ਵੱਲੋਂ ਨੈਸ਼ਨਲ ਫਲੈਗ ਕਿਸੇ ਬਾਸਕਟਬਾਲ ਦੇ ਖਿਡਾਰੀ ਨੂੰ ਫੜਾਇਆ ਗਿਆ। ਅਮਰੀਕਾ ਦੀ ਬਾਸਕਟਬਾਲ ਟੀਮ ਨੇ ਫਿਰ ਗੋਲਡ ਮੈਡਲ ਜਿੱਤਿਆ। ਇੰਜ ਲੇਬਰਾਨ ਦੇ ਓਲੰਪਿਕ ਖੇਡਾਂ 'ਚੋਂ 3 ਗੋਲਡ ਮੈਡਲ ਹੋ ਗਏ। ਸੈਮੀ ਫਾਈਨਲ ਮੈਚ ਸਰਬੀਆ ਦੀ ਟੀਮ ਵਿਰੁੱਧ ਸੀ ਜਿਸ ਵਿਚ ਲੇਬਰਾਨ ਦੇ 16 ਅੰਕ 12 ਰੀਬਾਊਂਡ ਤੇ 10 ਅਸਿਸਟ ਅੰਕ ਸਨ। ਫਾਈਨਲ ਮੈਚ ਫਰਾਂਸ ਦੀ ਟੀਮ ਵਿਰੁੱਧ ਸੀ ਜੋ ਅਮਰੀਕਾ ਨੇ 98-87 ਅੰਕਾਂ ਨਾਲ ਜਿੱਤਿਆ। ਉਸ ਵਿਚ ਉਹਦੇ 14 ਆਪਣੇ ਅੰਕ, 6 ਰੀਬਾਊਂਡ ਤੇ 10 ਸਹਾਇਕ ਅੰਕ ਸਨ। ਉਸ ਦੀ ਸਮੁੱਚੀ ਕਾਰਗੁਜ਼ਾਰੀ ਦੇ ਆਧਾਰ 'ਤੇ ਉਸ ਨੂੰ ਫੀਬਾ ਓਲੰਪਿਕਸ ਆਲ ਸਟਾਰ ਟੀਮ 'ਚ ਚੁਣਿਆ ਗਿਆ। ਇੰਜ ਉਹ ਬਾਸਕਟਬਾਲ ਦੇ ਮਹਾਨ ਖਿਡਾਰੀ ਆਸਕਰ ਰੋਬਰਟਸਨ, ਮੈਜਿਕ ਜੌਨ੍ਹਸਨ ਤੇ ਮਾਈਕਲ ਜੋਰਡਨ ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਸਕੂਲੇ ਪੜ੍ਹਦਿਆਂ ਉਹਦਾ ਮਿਸ ਸਵਾਨਾਹ ਨਾਲ ਸਨੇਹ ਹੋ ਗਿਆ ਸੀ। ਜਿਵੇਂ ਉਸ ਦੀ ਖੇਡ 'ਚ ਗੁੱਡੀ ਚੜ੍ਹਦੀ ਗਈ ਉਵੇਂ ਪਿਆਰ ਵੀ ਪ੍ਰਫੁੱਲਤ ਹੁੰਦਾ ਗਿਆ। 14 ਸਤੰਬਰ 2013 ਨੂੰ ਉਨ੍ਹਾਂ ਨੇ ਸਾਨ ਡੀਗੋ, ਕੈਲੇਫੋਰਨੀਆ ਵਿਚ ਵਿਆਹ ਕਰਵਾ ਲਿਆ। ਉਨ੍ਹਾਂ ਦੇ ਦੋ ਪੁੱਤਰ ਹੋਏ ਤੇ ਇਕ ਧੀ। ਉਨ੍ਹਾਂ ਦੇ ਨਾਂ ਬਰੌਨੀ, ਬ੍ਰਾਈਸ ਤੇ ਜ਼ਹੂਰੀ ਹਨ। ਬਰੌਨੀ ਹੁਣ ਬਾਸਕਟਬਾਲ ਦਾ ਉਭਰਦਾ ਖਿਡਾਰੀ ਹੈ ਜਿਸ ਤੋਂ ਵੱਡੀਆਂ ਆਸਾਂ ਹਨ। ਲੇਬਰਾਨ ਦਾ ਇਕ ਘਰ 'ਕੋਕੋਨਟ ਗ੍ਰੋਵ' ਬਿਸਕੇਨੇ ਬੇਅ ਚ ਹੈ ਜੋ 9 ਮਿਲੀਅਨ ਡਾਲਰਾਂ 'ਚ ਖਰੀਦਿਆ ਸੀ। ਦੂਜਾ ਘਰ 21 ਮਿਲੀਅਨ ਦਾ ਮੈਨਸਨ ਬਰੈਂਟਵੁੱਡ, ਲਾਸ ਏਂਜਲਸ 'ਚ ਹੈ। ਉਥੇ ਇਕ ਹੋਰ ਘਰ 2017 ਵਿਚ 23 ਮਿਲੀਅਨ ਡਾਲਰ ਦਾ ਖਰੀਦ ਰੱਖਿਆ ਹੈ। 30000 ਵਰਗ ਫੁੱਟ ਦਾ ਮੈਨਸਨ ਆਪਣੇ ਜੱਦੀ ਸ਼ਹਿਰ ਐਂਕਰਨ ਵਿਚ ਹੈ। ਹੁਣ ਉਹ ਕੁਝ ਵੀ ਖਰੀਦ ਸਕਦਾ ਹੈ।

ਖਿਡਾਰੀਆਂ ਦੇ ਸੱਟਾਂ ਫੇਟਾਂ ਤਾਂ ਲੱਗਦੀਆਂ ਹੀ ਹਨ ਜੋ ਉਹਦੇ ਵੀ ਲੱਗੀਆਂ। ਉਂਜ ਉਹ ਪੂਰਾ ਸਿਹਤਮੰਦ ਹੈ। ਸਿਹਤ ਕਾਇਮ ਰੱਖਣ ਲਈ ਉਹ ਹਰ ਸਾਲ ਡੇਢ ਮਿਲੀਅਨ ਡਾਲਰ ਖਰਚਦਾ ਹੈ। ਵਾਈਨ ਉਸ ਨੂੰ ਮਾਫ਼ਕ ਹੈ ਇਸ ਲਈ ਵਿਸਕੀ ਤੋਂ ਪ੍ਰਹੇਜ਼ ਕਰਦਾ ਹੈ। ਜਨਵਰੀ 2009 ਵਿਚ ਉਸ ਦੇ ਜਬ੍ਹਾੜੇ 'ਚ ਟਿਊਮਰ ਉੱਗ ਪਿਆ ਸੀ ਜੋ ਪੰਜ ਘੰਟਿਆਂ ਦੀ ਸਰਜਰੀ ਨਾਲ ਸਾਫ਼ ਕਰ ਦਿੱਤਾ ਗਿਆ। ਉਸ ਦਾ ਪਬਲਿਕ ਇਮੇਜ਼ ਬਹੁਤ ਵਧੀਆ ਹੈ। ਮੀਡੀਏ 'ਚ ਉਹਦੀ ਮਹਿਮਾ ਹੁੰਦੀ ਰਹਿੰਦੀ ਹੈ। ਸ਼ੌਂਕ ਵੀ ਬਥੇਰੇ ਪਾਲਦਾ ਹੈ ਤੇ ਸਿਆਸਤ ਵਿਚ ਵੀ ਮਾੜੀ ਮੋਟੀ ਦਿਲਚਸਪੀ ਰੱਖਦਾ ਹੈ। ਕੰਪਨੀਆਂ ਉਸ ਦੀ ਇਸ਼ਤਿਹਾਰਬਾਜ਼ੀ ਨਾਲ ਆਪੋ ਆਪਣਾ ਮਾਲ ਵੇਚਦੀਆਂ ਹਨ। ਉਹ 2020 'ਚ ਐੱਨਬੀਏ ਆਲ ਸਟਾਰ ਟੀਮ ਵਿਚ ਚੁਣਿਆ ਗਿਆ ਤਾਂ ਟੀਮ ਨੂੰ ਵਿਸ਼ੇਸ਼ ਜਰਸੀਆਂ ਪਹਿਨਾਈਆ ਗਈਆਂ। ਬਾਅਦ ਵਿਚ ਚੈਰਟੀ ਲਈ ਜਰਸੀਆਂ ਦੀ ਬੋਲੀ ਲੱਗੀ ਤਾਂ ਲੇਬਰਾਨ ਜੇਮਸ ਦੀ ਪਹਿਨੀ ਜਰਸੀ 630000 ਡਾਲਰ 'ਚ ਵਿਕੀ। ਵੱਡੇ ਖਿਡਾਰੀਆਂ ਦੀਆਂ ਗੱਲਾਂ ਵੱਡੀਆਂ ਹੁੰਦੀਆਂ ਹਨ ਜੋ ਕਦੇ ਮੁੱਕਦੀਆਂ ਨਹੀਂ। ਜੀਹਨੇ ਲੇਬਰਾਨ ਜੇਮਸ ਬਾਰੇ ਬਹੁਤਾ ਕੁਝ ਜਾਣਨਾ ਹੋਵੇ ਉਹ ਉਸ ਦੀ ਜੀਵਨੀ ਪੜ੍ਹ ਸਕਦਾ ਹੈ ਜਾਂ ਉਸ ਦੀਆਂ ਫਿਲਮਾਂ ਤੇ ਵੀਡੀਓਜ਼ ਵੇਖ ਸਕਦਾ ਹੈ। ਖੁਦ ਗ਼ਰੀਬੀ ਹੰਢਾਈ ਹੋਣ ਕਰਕੇ ਉਹ 2300 ਲੋੜਵੰਦ ਬੱਚਿਆਂ ਨੂੰ ਪੜ੍ਹਾਈ ਤੇ ਸਿਹਤ ਬਣਾਈ ਰੱਖਣ ਲਈ ਵਜ਼ੀਫ਼ੇ ਦੇ ਰਿਹਾ ਹੈ। ਉਸ ਨੂੰ ਜਿਥੇ ਹੋਰ ਦਰਜਨਾਂ ਅਵਾਰਡ ਮਿਲੇ ਹਨ ਉਥੇ ਕਮਿਊਨਿਟੀ ਦੀ ਉੱਤਮ ਸੇਵਾ ਲਈ ਐੱਨਬੀਏ ਦਾ ਜੇ. ਵਾਲਟਰ ਕੈਨੇਡੀ ਸਿਟੀਜ਼ਨਸ਼ਿਪ ਅਵਾਰਡ ਵੀ ਦਿੱਤਾ ਗਿਆ ਹੈ। ਲੇਬਰਾਨ ਜੇਮਸ ਸੱਚਮੁੱਚ ਖੇਡ ਦਰਸ਼ਕਾਂ ਦੇ ਦਿਲਾਂ ਦਾ ਬਾਦਸ਼ਾਹ ਹੈ।

CANADIAN TRUCK
TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# CYBORG-CYBERNETIC ORGANISM




ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ

ਵਿਗਿਆਨ ਅਤੇ ਤਕਨੀਕੀ ਸਿੱਖਿਆ ਦੇ ਵੱਧਦੇ ਪ੍ਰਸਾਰ ਨੇ ਮਨੁੱਖੀ ਸਭਿਅਤਾ ਨੂੰ ਹਰ ਪ੍ਰਕਾਰ ਦੀ ਸੁਵਿਧਾ ਮੁਹੱਈਆ ਕਰਵਾਈ ਹੈ। ਮਨੁੱਖ ਜੀਵਨ ਦੀ ਹੋਂਦ ਅਜੋਕੇ ਦੌਰ ਵਿੱਚ ਵਿਗਿਆਨ ਦੇ ਸਹਾਰੇ ਤੋਂ ਬਿਨਾਂ ਕਲਪਨਾ ਤੋਂ ਬਾਹਰ ਦੀ ਵਸਤੂ ਹੈ। ਜਿੱਥੇ ਵਿਗਿਆਨ ਦੇ ਆਰਟੀਫਿਸ਼ਲ ਇੰਟੈਲੀਜੈਂਸ ਦੇ ਵਜੂਦ ਨੂੰ ਸਥਾਪਿਤ ਕਰਕੇ ਨਾਮਣਾ ਖੱਟਿਆ ਹੈ ਉੱਥੇ ਉਸ ਨੇ ਕੁਦਰਤ ਦੇ ਵਰਤਾਰੇ ਨਾਲ ਆਪਣੀ ਟੱਕਰ ਵੀ ਤੈਅ ਕਰ ਲਈ ਹੈ। ਬੇਸ਼ੱਕ ਮਨੁੱਖ ਆਪਣੇ ਆਪ ਨੂੰ ਕੁਦਰਤ ਦੀ ਸ਼ਾਹਕਾਰ ਰਚਨਾ ਕਹਿੰਦਾ ਸੀ ਪਰ ਬੇਹਤਰ ਤੋਂ ਬੇਹਤਰ ਅਤੇ ਨਿਪੁੰਨਤਾ ਤੇ ਸਟੀਕਤਾ ਦੇ ਸਿਖਰ 'ਤੇ ਪਹੁੰਚਣ ਦੀ ਹੋੜ ਨੇ ਅੱਜ ਮਨੁੱਖੀ ਪ੍ਰਜਾਤੀ ਨੂੰ ਏ ਆਈ ਭਾ ਆਰਟੀਫਿਸ਼ਲ ਇੰਟੈਲੀਜੈਂਸ ਦੇ ਖੁੱਲ੍ਹੇ ਮੁਹਾਨੇ 'ਤੇ ਲਿਆ ਖਲਾਰਿਆ ਹੈ। ਇਸੇ ਏ ਆਈ ਦੇ ਨਵੇਕਲੀ ਦੇਣ CYBORG - CYBERNETIC ORGANISM ਹੈ।

ਇਸ ਸ਼ਬਦ ਦੀ ਖੋਜ 1960 ਦੇ ਦਹਾਕੇ ਵਿੱਚ ਮੈਨਫਰੈਡ ਕਲਾਇੰਨਸ ਤੇ ਨਾਥਨ ਐਸ ਕਲਾਇੰਨਸ ਨੇ ਕੀਤੀ ਸੀ। CYBORG ਵਿੱਚ ਮਨੁੱਖ ਦੇ ਜੀਵਨ ਨੂੰ ਸੁਖਾਲਾ ਕਰਨ ਲਈ ਮਸ਼ੀਨ ਤੇ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਮਨੁੱਖ ਦਿਲ ਦੀ ਗਤੀ ਨੂੰ ਨਿਰਧਾਰਿਤ ਕਰਨ ਲਈ ਪੇਸਮੇਕਰ, ਅੱਖਾਂ ਦੀ ਦ੍ਰਿਸ਼ਟੀ ਨੂੰ ਦਰੁਸਤ ਕਰਨ ਲਈ ਲੈਨਜ਼, ਦੰਦਾਂ ਦੇ ਇੰਪਲਾਂਟ, ਕੰਨਾਂ ਦੀ ਸੁਣਨ ਸ਼ਕਤੀ ਲਈ ਕੋਚਲੀਆ ਇੰਪਲਾਂਟ ਆਦਿ ਮਨੁੱਖੀ ਸਰੀਰ ਤੇ ਵਿਗਿਆਨਕ ਤਕਨੀਕ ਤੇ ਆਧਾਰਿਤ ਮਸ਼ੀਨ ਦੇ ਸੁਮੇਲ ਨੂੰ ਦਰਸਾਉਂਦੀਆਂ ਹਨ।

ਜਿਵੇਂ-ਜਿਵੇਂ ਵਿਗਿਆਨ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਜਾਵੇਗਾ CYBORG ਮਨੁੱਖ ਸਰੀਰ ਦੇ ਕਈ ਆਇਆਮ ਵਿੱਚ ਆਪਣੀ ਹੋਂਦ ਸਥਾਪਤ ਕਰ ਲਵੇਗਾ। CYBORG ਆਉਣ ਵਾਲੇ ਭਵਿੱਖ ਵਿੱਚ ਮਨੁੱਖ ਦੀਆਂ ਕਈ ਕੁਦਰਤੀ ਸਮਰੱਥਾਵਾਂ ਨੂੰ ਉੱਨਤ ਕਰਨ ਵਿੱਚ ਸਹਾਈ ਹੋਵੇਗਾ। ਇਹਨਾਂ ਵਿੱਚ ਮਨੁੱਖ ਦੀ ਸੋਚ, ਸਮਰਣ ਸ਼ਕਤੀ, ਸਰੀਰਕ ਤਾਕਤ, ਬੌਧਿਕ ਪੱਧਰ ਆਦਿ ਸ਼ੁਮਾਰ ਹੋਣਗੇ।

ਅਜੋਕੇ ਸਮਾਜ ਵਿੱਚ ਅਨੇਕਾਂ ਪ੍ਰਾਣੀ ਹਨ ਜੋ ਸਿਰਫ਼ ਆਪਣੇ ਸਰੀਰ ਦੇ ਅੰਗਾਂ ਨੂੰ ਕੁਦਰਤੀ ਜਾਂ ਗੈਰ ਕੁਦਰਤੀ ਤੌਰ 'ਤੇ ਖੋ ਚੁੱਕੇ ਸਨ ਅੱਜ CYBORG ਦੀ ਮਦਦ ਨਾਲ ਆਮ ਇਨਸਾਨ ਵਾਂਗ ਜੀਵਨ ਬਤੀਤ ਕਰ ਰਹੇ ਹਨ। ਨਕਲੀ ਚਮੜੀ ਜੋ ਮਹਿਸੂਸ ਕਰਨ ਦੇ ਯੋਗ ਹੈ CYBORG ਦੀ ਦੇਣ ਵਜੋਂ ਮਨੁੱਖਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਆਉਣ ਵਾਲੇ ਭਵਿੱਖ ਵਿੱਚ SPACEX ਅਤੇ TESLA ਵਰਗੀਆਂ ਵੱਡੀਆਂ ਕੰਪਨੀਆਂ ਮਨੁੱਖੀ ਦਿਮਾਗ ਤੇ ਕੰਪਿਊਟਰ ਦੇ ਸਾਂਝੇ ਸੁਮੇਲ NEUTRALINK 'ਤੇ ਕੰਮ ਕਰ ਰਹੀਆਂ ਹਨ। ਜੇਕਰ ਉਹ ਇਸ ਖੋਜ ਵਿੱਚ ਸਫਲ ਹੁੰਦੀਆਂ ਹਨ ਤਾਂ ਅੰਧਰੰਗ, DEMENTIA ਯਾਦਦਾਸ਼ਤ ਦਾ ਖਤਮ ਹੋਣਾ ਵਰਗੇ ਅਨੇਕਾਂ ਰੋਗਾਂ ਲਈ ਕਫਨ ਤਿਆਰ ਕਰ ਦੇਣਗੀਆਂ। ਮਨੁੱਖ ਅਤੇ ਤਕਨੀਕ ਦੀ ਸਾਂਝ ਜਿੰਨੀ ਤੇ ਜਿਉਂ-ਜਿਉਂ ਵਧੇਗੀ ਵਿਗਿਆਨ ਨਿੰਦਕ ਵੀ ਗਿਣਤੀ ਵਿੱਚ ਵਧਣਗੇ। ਅਜੋਕੇ ਸਮੇਂ ਏ ਆਈ ਮਨੁੱਖੀ ਦਿਮਾਗ ਤੋਂ ਬੇਹਤਰ ਹੈ ਅਤੇ ਇਹ ਹਾਵੀ ਵੀ ਹੋ ਰਹੀ ਹੈ। ਵਿਗਿਆਨ ਨਿੰਦਕ ਮਨੁੱਖੀ ਪ੍ਰਜਾਤੀ ਦੇ ਵਿਨਾਸ਼ ਦੀ ਭਵਿੱਖਬਾਣੀਆਂ ਕਰ ਰਹੇ ਹਨ। ਵਿਕਸਿਤ ਹੋਣਾ ਕੁਦਰਤ ਦਾ ਨਿਯਮ ਹੈ ਮਨੁੱਖੀ ਸਭਿਅਤਾ ਜਿੰਨੀ ਜਲਦੀ ਪ੍ਰੰਤੂ ਕੁਝ ਦਾਇਰਿਆਂ ਤਹਿਤ ਮਸ਼ੀਨ ਤੇ ਸਰੀਰ ਦਾ ਸੁਮੇਲ ਅਪਣਾਏਗੀ ਉਹਨਾਂ ਹੀ ਵਧੀਆ ਰਹੇਗਾ।

ਆਉਣ ਵਾਲੇ ਭਵਿੱਖ ਵਿੱਚ ਦਿਮਾਗ ਤੇ ਕੰਪਿਊਟਰ ਦੇ ਸੁਮੇਲ ਦੇ ਉਸ ਪੜਾਅ ਲਈ ਆਸ ਤੇ ਅਰਦਾਸ ਜੋ ਮਨੁੱਖੀ ਸਭਿਅਤਾ ਲਈ ਹਰ ਸੰਭਵ ਤਰੀਕੇ ਨਾਲੇ ਲਾਹੇਵੰਦ ਹੋਵੇਗਾ।

# ਗੀਤ ਧੂਆਂਧਾਰ ਮੌਸਮ

ਸਭ ਕੋਈ ਵੇਖੀ ਜਾਂਦਾ ਅੱਖਾਂ ਮੂਹਰੇ ਬੀਤ ਰਹੀ –
ਔਖਾ ਹੋ ਜਾਊ ਜਿਉਣਾ ਜੇਕਰ ਇਦਾਂ ਈ ਰੀਤ ਰਹੀ –
ਆਪਣੇ ਮਤਲਬ ਖਾਤਰ ਕਿੰਨੀਆਂ ਜਾਨਾਂ ਮਾਰ ਰਿਹਾ *
ਧੂਆਂ ਧਾਰ ਇਹ ਮੌਸਮ ਸਭ ਤੇ ਕਹਿਰ ਗੁਜਾਰ ਰਿਹਾ *

ਹਰ ਥਾਂ ਤੇ ਪ੍ਰਦੂਸ਼ਣ ਏ ਸੀ ਗੱਡੀਆਂ ਦਾ ਰਹਿੰਦਾ
ਜਾਨ ਸੁਖਾਂ ਵਿੱਚ ਪਾ ਕੇ ਵੀ ਦੁੱਖ ਬਹੁਤੇ ਹੈ ਸਹਿੰਦਾ –
ਉਲਟ ਫੈਸਲੇ ਕੁਦਰਤ ਦੇ ਕਿਉਂ ਮਨ ਚੋਂ ਧਾਰ ਰਿਹਾ
ਧੂਆਂ ਧਾਰ ਇਹ ਮੌਸਮ ਸਭ ਤੇ ਕਹਿਰ ਗੁਜਾਰ ਰਿਹਾ *

ਖਤਮ ਹੋਈ ਹਰਿਆਲੀ ਪੇੜ ਸਕਾ ਤੇ ਮੌਸਮ ਨੇ –
ਗਰਮੀ ਸਰਦੀ ਕੈਸੀ ਰੰਗ ਵਿਖਾ ਤੇ ਮੌਸਮ ਨੇ *



ਪੰਛੀ ਹੋ ਗਏ ਗੈਬ ਪੁਰਾਣੇ ਕਿੱਥੋਂ ਭਾਲ ਰਿਹਾ *
ਧੂਆਂ ਧਾਰ ਇਹ ਮੌਸਮ ਸਭ ਤੇ ਕਹਿਰ ਗੁਜਾਰ ਰਿਹਾ *

ਕਾਰਖਾਨੇ ਤੇ ਫੈਕਟਰੀਆਂ ਦਿਨ ਰਾਤ ਚਲਾਉਂਦਾ ਹੈ
ਗੰਦਾ ਪਾਣੀ ਨਹਿਰਾਂ ਖਾਲਿਆਂ ਵਿੱਚ ਮਿਲਾਉਂਦਾ ਹੈ
ਰੋਗ ਭਿਆਨਕ ਲਗਦੇ ਸਭ ਨੂੰ ਕਰ ਬਰਬਾਦ ਰਿਹਾ
ਧੂਆਂ ਧਾਰ ਇਹ ਮੌਸਮ ਸਭ ਤੇ ਕਹਿਰ ਗੁਜ਼ਾਰ ਰਿਹਾ –

ਮੱਖਣ ਸ਼ਰਮਾ ਬੁੱਟਰ ਕਿਉਂ ਨਾ ਸੋਚ ਵਿਚਾਰੇ ਤੂੰ
ਨਹੀਂ ਕਿਸੇ ਦੀ ਮਨਦਾ ਰੋਜ਼ ਪਰਾਲੀ ਸਾੜੇ ਤੂੰ *
ਰੋਗ ਭਿਆਨਕ ਲਾਕੇ ਮੌਤ ਨੂੰ ਆਪ ਵੰਗਾਰ ਰਿਹਾ
ਧੂਆ ਧਾਰ ਇਹ ਮੌਸਮ ਸਭ ਤੇ ਕਹਿਰ ਗੁਜ਼ਾਰ ਰਿਹਾ *

ਮੱਖਣ ਸ਼ਰਮਾ ਬੁੱਟਰ ਗਿੱਦੜਬਹਾ
94171-05526

# ਪੰਜਾਬਣ ਮੁਟਿਆਰ ਅਮਨਪ੍ਰੀਤ ਕੌਰ ਮੈਕਗਿਲ ਯੂਨੀਵਰਸਿਟੀ ਵੱਲੋਂ ਵੱਕਾਰੀ ਅਤੇ ਸਨਮਾਨਯੋਗ ਐਵਾਰਡ ਨਾਲ ਸਨਮਾਨਿਤ

## ਪਾਲ ਡਡਲੀ ਵ੍ਹਾਈਟ ਇੰਟਰਨੈਸ਼ਨਲ ਐਵਾਰਡ ਨਾਲ ਪੂਰੇ ਪੰਜਾਬੀਅਤ ਦਾ ਨਾਮ ਹੋਇਆ ਰੌਸ਼ਨ



ਟੋਰਾਂਟੋ: ਅਕਤੂਬਰ (ਹਰਜੀਤ ਸਿੰਘ ਬਾਜਵਾ) ਮਾਂਟਰੀਅਲ (ਕਨੇਡਾ) ਦੀ ਮੈਕਗਿੱਲ ਯੂਨੀਵਰਸਿਟੀ ਦੇ ਫੈਕਲਟੀ ਆਫ ਮੈਡੀਸਨ ਐਂਡ ਹੈੱਲਥ ਸਾਇੰਸਿਜ਼ (ਐੱਫ.ਐਮ.ਐਚ.ਐਸ) ਵਿਖੇ ਪ੍ਰਯੋਗਾਤਮਕ ਮੈਡੀਸਨ ਦੀ ਖੋਜ ਸਕਾਲਰ ਅਤੇ ਮੈਕਗਿੱਲ ਯੂਨੀਵਰਸਿਟੀ ਹੈਲਥ ਸੈਂਟਰ (ਆਰ.ਆਈ.-ਐਮ.ਯੂ.ਐਚ.ਸੀ.) ਕਨੇਡਾ ਦੇ ਰਿਸਰਚ ਇੰਸਟੀਚਿਊਟ ਦੀ ਸਿਖਿਆਰਥੀ ਅਮਨਪ੍ਰੀਤ ਕੌਰ ਨੂੰ ਹਾਲ ਵਿੱਚ ਹੋਏ ਹਾਈਪਰਟੈਨਸ਼ਨ ਵਿਗਿਆਨਕ ਸ਼ੈਸ਼ਨਾਂ ਦੌਰਾਨ ਅਮਰੀਕਨ ਹਾਰਟ ਐਸੋਸ਼ੀਏਸ਼ਨ ਵੱਲੋਂ ਫਖ਼ਰਯੋਗ ਅਤੇ ਵੱਕਾਰੀ ਪੌਲ ਡਡਲੀ ਵ੍ਹਾਈਟ ਇੰਟਰਨੈਸ਼ਨਲ ਸਕਾਲਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ ਅਤੇ ਇਹ ਐਵਾਰਡ ਏ. ਐਚ. ਏ ਦੀ ਸਲਾਨਾਂ ਗਲੋਬਲ ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਦੇਸਾਂ ਵਿੱਚੋਂ ਚੋਟੀ ਦੇ ਦਰਜੇ ਦੇ ਵਿਗਿਆਨਕ ਖੇਤਰਾਂ ਵਿੱਚ ਯੋਗਦਾਨ ਪਾਉਂਣ ਵਾਲੇ ਸਿਖਿਆਰਥੀਆਂ ਵਿੱਚੋਂ ਵੀ ਕਿਸੇ ਵਿਰਲੇ ਟਾਂਵੇਂ ਦੇ ਹਿੱਸੇ ਹੀ ਆਉਂਦਾ ਹੈ ਅਤੇ ਇਹ ਐਵਾਰਡ ਪੰਜਾਬਣ ਮੁਟਿਆਰ ਅਮਨਪ੍ਰੀਤ ਕੌਰ ਨੂੰ ਮਿਲਣ ਨਾਲ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਹੋਰ ਵੀ ਉੱਚਾ ਹੋਇਆ ਹੈ।

ਦੱਸਣਯੋਗ ਹੈ ਕਿ ਡਾਕਟਰੀ ਭਾਸ਼ਾ ਅਨੁਸਾਰ ਆਰ ਆਈ ਐਮ ਯੂ ਐੱਚ ਸੀ ਵਿਖੇ 'ਕਾਰਡੀਓਵੈਸਕੁਲਰ' ਹੈਲਥ ਐਕਰੋਸ ਦਾ ਲਾਈਫਸਪੈਨ ਪ੍ਰੋਗ੍ਰਾਮ ਵਿੱਚ ਡਾ.ਲੁਈਸ ਪਾਇਲੌਟ ਦੀ ਨਿਗਰਾਨੀ ਹੇਠ ਇਹ ਪ੍ਰਾਪਤੀ ਕਰਨ ਵਾਲੀ ਅਮਨਪ੍ਰੀਤ ਨੇ ਔਰਤਾਂ ਅਤੇ ਮਰਦਾਂ ਵਿੱਚ ਅਧੱਖੜ ਉਮਰ ਅਤੇ ਇਸਤੋਂ ਵਧੇਰੇ ਉਮਰ ਦੇ ਮਰੀਜ਼ਾਂ ਵਿੱਚ ਹਾਈਪਰਟੈਨਸ਼ਨ ਦੀ ਜਾਂਚ ਸਮੇਂ ਦਿਮਾਗ ਦੀ ਬਣਤਰ ਨੂੰ ਔਰਤਾਂ ਅਤੇ ਮਰਦਾਂ ਵਿੱਚ ਕਿਵੇਂ ਵੱਖ-ਵੱਖ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਅਤੇ ਇਹ ਖੋਜ ਹਾਈਪਰਟੈਨਸ਼ਨ ਨੂੰ ਸਮਝਣ ਅਤੇ ਇਸਦੇ ਉਸਾਰੂ ਇਲਾਜ ਲਈ ਵੀ ਸਹਾਈ ਹੋਵੇਗੀ। ਜਿਸ ਬਾਰੇ ਅਮਨਪ੍ਰੀਤ ਕੌਰ ਨੇ 'ਪੰਜਾਬ ਸਟਾਰ' ਨਾਲ ਟੈਲੀਫੂਨ ਤੇ' ਗੱਲ ਕਰਦਿਆਂ ਦੱਸਿਆ ਕਿ ਉਹ ਇਸ ਸਨਮਾਨਯੋਗ ਐਵਾਰਡ ਨੂੰ ਪ੍ਰਾਪਤ ਕਰਕੇ ਬਹੁਤ ਖ਼ੁਸ਼ੀ ਅਤੇ ਫਖ਼ਰ ਮਹਿਸੂਸ ਕਰ ਰਹੀ ਹੈ ਜਿਸ ਵਿੱਚ ਉਸਦੇ ਪ੍ਰੋਫੈਸਰਾਂ ਤੋਂ ਇਲਾਵਾ ਉਸਦੇ ਸਤਿਕਾਰਯੋਗ ਪਿਤਾ ਅਤੇ ਗੁਰੂ ਕਾਂਸ਼ੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਧਿਮਾਨ ਦੀ ਹੱਲਾਸ਼ੇਰੀ ਅਤੇ ਯੋਗ ਅਗਵਾਈ ਵੀ ਉਸਦੇ ਬਹੁਤ ਕੰਮ ਆਈ। ਅਮਨਪ੍ਰੀਤ ਕੌਰ ਪਿਛਲੇ ਲੱਗਭੱਗ 12 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸਿਹਤ ਵਿਗਿਆਨ ਖੋਜ ਕਾਰਜਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀ ਹੈ ਅਤੇ ਉਸਦੇ ਖੋਜ ਆਮ ਤੌਰ ਤੇ' ਔਰਤਾਂ ਦੀ ਨਾੜੀ ਸਿਹਤ ਤੇ' ਕੇਂਦਰਤ ਹੁੰਦੀ ਹੈ।

# ਸਿੱਖ ਨੇਸ਼ਨ 2024 ਵੱਲੋਂ ਖ਼ੂਨਦਾਨ ਨਸਲਕੁਸ਼ੀ ਦੇ ਖ਼ਿਲਾਫ਼ ਮੁਹਿੰਮ




1984 ਦੀ ਸਿੱਖ ਨਸਲਕੁਸ਼ੀ ਦੀ ਯਾਦ ਵਿੱਚ ਖੂਨਦਾਨ ਕਲੀਨਿਕ ਲਗਾਏ ਜਾ ਰਹੇ ਹਨ। "ਸਿੱਖ ਕੌਮ ਦੁਆਰਾ ਖੂਨ ਦਾਨ"। ਹਰ ਸਾਲ ਖੂਨਦਾਨ ਕਰਕੇ ਸਿੱਖ ਕੌਮ ਲਗਭਗ 200,000 ਕੀਮਤੀ ਜਾਨਾਂ ਬਚਾ ਕੇ ਇੱਕ ਇਤਿਹਾਸ ਰਚਿਆ ਹੈ। ਇਸ ਦਾ ਹਿੱਸਾ ਤੁਸੀਂ ਵੀ ਬਣ ਸਕਦੇ ਹੋ। ਇਸ ਜੀਵਨ ਬਚਾਉਣ ਦੀ ਮੁਹਿੰਮ ਅਤੇ ਇੱਕ ਦਾਨੀ ਬਣਨ 'ਤੇ ਮਾਣ ਮਹਿਸੂਸ ਕਰੋ। ਵਧੇਰੇ ਜਾਣਕਾਰੀ ਲਈ: ਕਿਰਪਾ ਕਰਕੇ 647-708-1984 'ਤੇ ਕਾਲ ਕਰੋ।

ਇਸ ਸਾਲ ਦੇ ਕਲੀਨਿਕਾਂ ਦੀ ਸੂਚੀ ਹੇਠ ਦਿੱਤੀ ਗਈ ਹੈ:

1: Brampton: Nov 2nd Saturday 10 AM to 4 PM: (Khalsa Community School: 69 Maitland Dr Brampton)
2: Brampton: Nov 3rd Sunday 10 AM to 4 PM: (Khalsa Community School: 69 Maitland Dr Brampton)
3 : Ancaster/ Hamilton : Nov 9th Saturday 10:00 AM to 2 PM: (35 Stone Church Rd. Ancaster)
4: London: Nov 9TH Saturday 11:15 AM to 1:30 PM: (London Donor Centre: 820 Wharncliffe Rd London)
5 Ontario Khlasa Darbar: Nov 9th 10 AM to 4 PM. (7080 Dixie Rd Mississauga)
6: Ottawa: Nov 9th Saturday 12:30 to 1:30 PM: (Infinity Convention Centre: 2901 Gibford Dr Ottawa)
7: Sudbury: Nov 9th Saturday 9:50 AM to 3:00 PM: (Sudbury Plasma Centre: 900 Lasalle Blvd Sudbury)
8: Woodstock: Nov 9th Saturday: 10 AM to 2 PM: (Goff Hall: 381 Finkle St Woodstock)
10: Brantford: Nov 16th Saturday 10:00 AM to 2:00PM: (Branlyn Community Centre: 238 Brantwood Park )
11: Kitchener Waterloo: Nov 16th Saturday 10 AM to 12:30 PM: (94 Bridgeport Rd East Kitchener)
12: St. Catherine: Nov 16th Saturday: 10 AM to 11:15 AM (Plasma Centre:420 Vansickle Rd)
13: Caledon: Nov 21st Thursday: 6 PM to 7 PM: (Caledon E Community Complex. 6215 Old Church Rd)
14 : Mississauga Donor Centre: Nov 23th Saturday 10 AM to 2 PM: (765 Brittania Rd Mississauga)
15: Windsor: Nov 23rd Saturday 10 AM to 2 PM: (Windsor Plasma Ctr: 3015 Howard Ave)
16: Belleville: Nov 25th Monday 5 PM to 6:30 PM (250 Sidney St Belleville)
17: Alliston: Nov 30th Saturday 11 AM to 12:30 PM (Alliston Arena, 49 Nelson St Alliston)
18: Brampton Plasma: Nov 30th Saturday 10 AM to 2 PM (8255 Financial Dr)
19: Burlington: Nov 30th Saturday 10 AM to 2 PM: (Burlington Donor Centre: 1250 Brant St Burlington)
20: Guelph: Nov 30th Saturday: 8 AM to 2 PM: (Guelph Donor Centre: 130 Silvercreek Pkwy N Guelph)

# ਰਮਿੰਦਰ ਰਮੀ ਦੀ ਕਾਵਿ ਪੁਸਤਕ "ਕਿਸ ਨੂੰ ਆਖਾਂ" ਮੁਹੱਬਤੀ ਰੂਹ ਦੇ ਕਾਵਿ- ਰੰਗ




ਬੇਹੱਦ ਸੰਵੇਦਨਸ਼ੀਲ, ਕੋਮਲ ਮਨ ਅਤੇ ਮੁਹੱਬਤੀ ਰੂਹ ਦੀ ਮਾਲਕ ਪੰਜਾਬੀ ਲੇਖਿਕਾ 'ਰਮਿੰਦਰ ਰਮੀ' ਦਾ ਰੂਹ ਨਾਲ ਲਿਖਿਆ ਕਾਵਿ-ਸੰਗ੍ਰਹਿ "ਕਿਸ ਨੂੰ ਆਖਾਂ" ਬਿਲਕੁਲ ਨਵਾਂ ਤਾਂ ਨਹੀਂ ਹੈ, ਪਰ ਮੇਰੇ ਲਈ ਨਵਾਂ ਇਸ ਲਈ ਹੈ ਕਿ ਮੈਨੂੰ ਪਹਿਲਾਂ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਇਸ ਦੇ ਟਾਈਟਲ ਤੇ ਓਪਰੀ ਨਜ਼ਰ ਮਾਰਦਿਆਂ ਇੰਜ ਮਹਿਸੂਸ ਹੁੰਦਾ ਹੈ... ਜਿਵੇਂ ਉਹ ਅੱਕ ਕੇ, ਥੱਕ ਕੇ ਅਤੇ ਬੜੇ ਉਦਾਸ ਮਨ ਨਾਲ ਖ਼ੁਦ ਨਾਲ ਸੰਵਾਦ ਰਚਾ ਰਹੀ ਹੈ ਅਤੇ ਖ਼ੁਦ ਨੂੰ ਸਵਾਲ ਕਰ ਰਹੀ ਹੈ ਕਿ... ਕਿਸ ਨੂੰ ਆਖਾਂ??

"ਕਿਸ ਨੂੰ ਆਖਾਂ ਕਦੇ ਤਾਂ ਆ ਕੇ ਮਿਲ ਵੀ ਜਾਇਆ ਕਰੋ , ਕੁਝ ਆਪਣੀ ਕਹੋ ਕੁਝ ਸਾਡੀ ਵੀ ਸੁਣ ਜਾਇਆ ਕਰੋ । ਕਿਸ ਨੂੰ ਆਖਾਂ ਇਕ ਵਾਰੀ ਤੇ ਮਿਲ ਜਾ ਵੇ ਸੱਜਣਾਂ, ਮੇਰੀਆਂ ਅੱਖੀਆਂ ਦੀ ਪਿਆਸ ਬੁਝਾ ਵੇ ਸੱਜਣਾਂ।"

ਕੈਨੇਡਾ ਵੱਸਦੀ ਰਮਿੰਦਰ ਵਾਲੀਆ (ਰਮਿੰਦਰ ਰਮੀ) ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਪਰਵਾਸੀ ਪੰਜਾਬੀ ਸਾਹਿਤ ਖੇਤਰ ਵਿੱਚ ਕੋਈ ਨਵਾਂ ਨਾਂਅ ਨਹੀਂ ਹੈ। ਰਮਿੰਦਰ ਨੂੰ ਸਾਹਿਤ ਪੜ੍ਹਨ, ਲਿਖਣ, ਸੁਣਨ, ਅਤੇ ਮਾਣਨ ਦਾ ਸ਼ੌਕ ਤਾਂ ਸਕੂਲ-ਕਾਲਜ ਦੀ ਪਹਿਲੀ ਉਮਰੇ ਹੀ ਪੈ ਗਿਆ ਸੀ। ਉਹਨਾਂ ਵੇਲਿਆਂ ਵਿੱਚ ਇਹ ਸ਼ੌਕ ਰਮਿੰਦਰ ਨੂੰ ਪੰਜਾਬੀ ਸਾਹਿਤ ਦੇ ਮੱਕੇ 'ਪ੍ਰੀਤ ਨਗਰ' ਵੀ ਅਕਸਰ ਲੈ ਜਾਂਦਾ ਰਿਹਾ। ਜੀਵਨ ਜਿਉਣ ਦੇ ਰੁਝੇਵਿਆਂ ਵਿੱਚ ਵਿਅਸਤ ਹੋਣ ਕਾਰਨ ਹੋਈ ਢਿੱਲ-ਮੱਠ ਤੋਂ ਬਾਅਦ ਉਸ ਨੇ ਸਾਹਿਤ ਰਚਨਾ ਦੇ ਖੇਤਰ ਵਿੱਚ ਲੰਬੀਆਂ ਪੁਲਾਂਘਾਂ ਪੁੱਟਦਿਆਂ "ਕਿਸ ਨੂੰ ਆਖਾਂ" ਕਾਵਿ-ਸੰਗ੍ਰਹਿ ਨਾਲ ਪੰਜਾਬੀ ਸਾਹਿਤ ਦੇ ਵਿਹੜੇ ਵਿੱਚ ਦਸਤਕ ਦੇ ਦਿੱਤੀ।

ਦੋਸਤੋ, ਜੀਵਨ ਜਿਉਂਦਿਆਂ ਸਾਡੇ ਸਮਾਜਿਕ ਤਾਣੇ-ਬਾਣੇ ਦੇ ਹਾਲਾਤ, ਵਾਤਾਵਰਨ ਅਤੇ ਮਾਹੌਲ ਦਾ ਸਾਡੇ ਜੀਵਨ ਵਿੱਚ ਬੜਾ ਗਹਿਰਾ ਪ੍ਰਭਾਵ ਪੈਂਦਾ ਹੈ। ਜਿਵੇਂ ਬੰਜਰ ਜ਼ਮੀਨ ਵਿੱਚ ਪਿਆ ਬੀਜ ਪੁੰਗਰਨ ਨੂੰ ਹੀ ਤਰਸਦਾ ਰਹਿੰਦਾ ਹੈ...। ਉਸ ਦਾ ਬੀਅ ਤੋਂ ਬੂਟਾ / ਦਰਖਤ ਬਣ ਕੇ ਫੁੱਲ, ਫਲ, ਛਾਵਾਂ, ਅਤੇ ਮਹਿਕਾਂ ਵੰਡਣਾ ਤਾਂ.. ਬਹੁਤ ਮਗਰੋਂ ਦੀਆਂ ਗੱਲਾਂ ਹਨ। ਉਸ ਦੇ ਪੁੰਗਰ ਕੇ ਬੂਟਾ ਜਾਂ ਫੁੱਲ ਬਣਨ ਦੀ ਕਾਬਲੀਅਤ ਜਾਂ ਅਹਿਸਾਸ ਨੂੰ ਬੰਜਰ ਕਿੱਥੋਂ ਮਹਿਸੂਸ ਕਰਦਾ ਹੈ? ਇਹੋ ਜਿਹੀ ਲੰਮੀ ਔੜ ਰਮਿੰਦਰ ਦੀ ਜ਼ਿੰਦਗੀ ਵਿੱਚ ਵੀ ਆਈ। ਔੜ ਭਾਵੇਂ ਖੁਸ਼ੀਆਂ ਦੀ ਜਾਂ ਸਾਹਿਤਕ ਮਹੌਲ ਦੀ, ਪਰ ਉਸਨੂੰ ਬੜੇ ਦੁੱਖ-ਸੁੱਖ ਦਿਖਾ ਗਈ ਅਤੇ ਚੰਗੇ ਮਾੜੇ ਸਬਕ ਵੀ ਸਿਖਾ ਗਈ..। ਸਮੇਂ ਦਾ ਚੱਕਰ ਤਾਂ ਕਦੇ ਵੀ ਨਹੀਂ ਰੁਕਿਆ। ਸਮੇਂ ਨੇ ਕਰਵਟ ਲਈ, ਸਥਾਨ ਬਦਲਿਆ, ਰੁੱਤ ਬਦਲੀ ਤੇ ਰਮਿੰਦਰ ਦਾ ਸਾਹਿਤਕ ਕਦ ਵੀ ਵਧਣਾ ਫੁਲਣਾ ਅਰੰਭ ਹੋ ਗਿਆ। ਪਿਆਰਾ ਸਿੰਘ ਕੁਦੋਵਾਲ, ਸੁਰਜੀਤ ਕੌਰ, ਸਰਬਜੀਤ ਸੋਹਲ ਅਤੇ ਕਈ ਹੋਰ ਸੁਲਝੀਆਂ ਹੋਈਆਂ ਸਾਹਿਤਕ ਸ਼ਖ਼ਸੀਅਤਾਂ ਅਤੇ ਆਪਣੇ ਪਿਆਰਿਆਂ ਦੇ ਸਿਰਜੇ ਸਾਹਿਤਕ ਮਹੌਲ ਅਤੇ ਹਲਾਸ਼ੇਰੀ ਨੇ ਰਮਿੰਦਰ ਰਮੀ ਦੀ ਕਾਵਿ-ਰੂਹ ਨੂੰ ਸਾਹਿਤਕ ਖੁਰਾਕ ਨਾਲ ਸਿੰਜ ਦਿੱਤਾ...। ਇਹ ਸੱਜਣ ਪਿਆਰੇ ਉਸ ਦੀ ਸਾਹਿਤਕ ਮੰਜ਼ਿਲ ਵੱਲ ਨੂੰ ਜਾਂਦੇ ਰਾਹ ਅਤੇ ਰਾਹਾਂ ਦੇ ਦਸੇਰੇ ਹੋ ਨਿਬੜੇ..।

ਜੇਕਰ ਅਸੀਂ ਸਕਾਰਾਤਮਕ ਸੋਚ ਨਾਲ ਸੋਚੀਏ ਤਾਂ ਲਾ ਪਾ ਕੇ ਜ਼ਿੰਦਗੀ ਨੂੰ ਜਸ਼ਨ ਵਾਂਗ ਹੀ ਜਿਉਣਾ ਅਤੇ ਮਾਣਨਾ ਚਾਹੀਦਾ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਗਿਲੇ-ਸ਼ਿਕਵਿਆਂ, ਦੁੱਖਾਂ-ਤਕਲੀਫ਼ਾਂ, ਉਦਾਸੀਆਂ ਦੀਆਂ ਲੰਮੀਆਂ ਰੁੱਤਾਂ ਦੇ ਬਾਵਜੂਦ ਵੀ ਰਮਿੰਦਰ ਇਕ ਪਾਜ਼ਿਟਿਵ ਸੋਚ ਨਾਲ ਆਪਣੀ ਜ਼ਿੰਦਗੀ ਅਤੇ ਸਾਹਿਤਿਕ ਸਫ਼ਰ ਵਿੱਚ ਅੱਗੇ ਵੱਧ ਰਹੀ ਹੈ।

65 ਕਵਿਤਾਵਾਂ ਦੇ ਇਸ ਕਾਵਿ-ਸੰਗ੍ਰਹਿ ਦੀ 'ਕਿਸ ਨੂੰ ਆਖਾਂ' ਕਵਿਤਾ ਨਾਲ ਸ਼ੁਰੂਆਤ ਕਰਦਿਆ, ਰਮਿੰਦਰ ਨੇ ਹੋਰ ਵੀ ਕਈ ਅਹਿਮ ਵਿਸ਼ਿਆਂ ਨੂੰ ਬਾਖੂਬੀ ਨਾਲ ਛੂਹਿਆ ਹੈ। ਉਸ ਦੀਆਂ ਕਵਿਤਾਵਾਂ ਵਿਚਲੇ ਸ਼ਬਦਾਂ ਅੰਦਰ ਜਜ਼ਬਾਤ, ਵਲਵਲੇ, ਦਰਦ, ਅਤੇ ਅਹਿਸਾਸ ਸਾਫ਼ ਝਲਕਦਾ ਹੈ।

ਬੋਲਣ-ਸੁਣਨ ਦੀ ਕਸ਼ਮਕਸ਼ ਬਾਰੇ ਕਿਹਾ ਜਾਂਦਾ ਹੈ ਕੇ ਇਨਸਾਨ ਨੂੰ ਬੋਲਣ ਨਾਲੋਂ ਸੁਣਨਾ ਦੁਗਣਾ ਜਾਂ ਉਸ ਤੋਂ ਵੀ ਜ਼ਿਆਦਾ ਚਾਹੀਦਾ ਹੈ। ਸ਼ਾਇਦ, ਰੱਬ ਨੇ ਵੀ ਇਸ ਕਰਕੇ ਹੀ ਇੱਕ ਜ਼ਬਾਨ ਦੇ ਨਾਲ ਦੋ ਕੰਨ ਨੱਥੀ ਕੀਤੇ ਹੋਏ ਹਨ। ਹਾਲਾਂ ਕਿ ਇਸ ਦੇ ਵਿਪਰੀਤ ਬਹੁਤਾਤ ਵਿੱਚ ਲੋਕ ਬੋਲਣਾ ਜਾਂ ਸੁਣਾਉਣਾ ਹੀ ਚਾਹੁੰਦੇ ਹਨ। ਪਰ ਜਿਸ ਇਨਸਾਨ ਨੂੰ ਸੁਣਨ ਦੀ ਜੁਗਤ ਆ ਜਾਵੇ ਉਸ ਨੂੰ ਜ਼ਿਆਦਾ ਬੋਲਣ ਦੀ ਜ਼ਰੂਰਤ ਨਹੀਂ ਰਹਿ ਜਾਂਦੀ। ਰਮਿੰਦਰ ਨੂੰ ਵੀ ਦੂਸਰਿਆਂ ਨੂੰ ਸੁਣਨਾ ਜ਼ਿਆਦਾ ਪਸੰਦ ਹੈ। ਦੋਸਤਾਂ ਦੇ ਤਾਹਨਿਆਂ ਵਰਗੇ ਸਵਾਲਾਂ ਨੂੰ ਉਸ ਨੇ ਕਾਵਿ ਲਾਈਨਾਂ ਵਿੱਚ ਇੰਜ ਬਿਆਨਿਆ ਹੈ...

ਉਹ ਕਹਿੰਦੇ..
ਤੁਸੀਂ ਫਿਰ ਕੀ ਕਰਨ ਜਾਂਦੇ ਹੋ
ਸਾਹਿਤਕ ਸਭਾਵਾਂ ਵਿੱਚ
ਨਾ ਤੁਹਾਨੂੰ ਲਿਖਣਾ ਆਉਂਦਾ ਤੇ
ਨਾ ਹੀ ਗਾਉਣਾ ਆਉਂਦਾ ਹੈ
ਹੱਸ ਕੇ ਕਹਿ ਦਿੰਦੀ
ਮੈਨੂੰ ਸੁਣਨਾ ਬਹੁਤ
ਚੰਗਾ ਲੱਗਦਾ ਹੈ...

ਸਾਹਿਤਕ ਸਭਾਵਾਂ ਵਿੱਚ ਵਿਚਰਦਿਆਂ, ਸਾਹਿਤਕਾਰਾਂ ਨੂੰ ਪੜ੍ਹਦਿਆਂ-ਸੁਣਦਿਆਂ ਅਤੇ ਦੋਸਤਾਂ ਦੇ ਸਵਾਲਾਂ ਨੇ ਰਮਿੰਦਰ ਰੰਮੀ ਦੀ ਸਾਹਿਤਿਕ ਪਰਵਾਜ਼ ਲਈ ਡੂੰਘੀ ਨੀਂਹ ਵਾਲਾ ਪਲੇਟਫਾਰਮ ਤਿਆਰ ਕਰ ਦਿੱਤਾ...। ਉਸਦੇ ਕਾਵਿ-ਮਨ ਦੇ ਅਹਿਸਾਸ, ਅਨੁਭਵ ਅਤੇ ਖਿਆਲ ਕਵਿਤਾ ਦੇ ਗਹਿਣੇ ਪਾ ਕੇ ਝੂਮਣ ਲੱਗ ਪਏ...

ਜੋ ਕਹਿੰਦੇ ਸੀ..
ਤੂੰ ਕੀ ਕਰਨ ਜਾਂਦੀ ਹੈ
ਨਾ ਤੈਨੂੰ ਲਿਖਣਾ ਆਉਂਦਾ ਹੈ ...
ਹਾਂ
ਹੁਣ ਮੈਂ ਲਿਖਾਂਗੀ
ਹੁਣ ਮੈਂ ਲਿਖਾਂਗੀ
ਸਮਾਜਿਕ ਬੁਰਾਈਆਂ ਤੇ
ਔਰਤਾਂ ਤੇ ਹੋਰ ਰਹੇ ਜ਼ੁਲਮਾਂ ਤੇ
ਮਨ ਅੰਦਰ ਦੱਬੇ ਦਰਦ ਤੇ
ਦੋਸਤੀ ਤੇ ਮੁਹੱਬਤ ਤੇ
ਤੇ ਬਿਰਹਾ ਤੇ ਵੀ
ਕਵਿਤਾ ਲਿਖਾਂਗੀ

ਹਾਲਾਂ ਕਿ ਇਸ ਕਾਵਿ-ਪੁਸਤਕ ਵਿੱਚ ਕਾਫ਼ੀ ਵੰਨ-ਸੁਵੰਨਤਾ ਹੈ ਅਤੇ ਇਸ ਵਿੱਚ ਲੇਖਿਕਾ ਨੇ ਕਈ ਪਹਿਲੂਆਂ ਨੂੰ ਛੂਹਿਆ ਹੈ, ਪਰ ਫਿਰ ਵੀ ਇਹ ਥੋੜ੍ਹਾ ਜਿਹਾ 'ਨਾਰੀ ਕੇਂਦ੍ਰਿਤ' ਦਾ ਪ੍ਰਭਾਵ ਪਾ ਰਹੀ ਹੈ। ਇਸ ਕਾਵਿ-ਪੁਸਤਕ ਨੂੰ ਪੜ੍ਹਦਿਆਂ ਮੈਨੂੰ ਪੰਜਾਬੀ ਸਾਹਿਤ ਦੀ ਜਾਣੀ ਪਹਿਚਾਣੀ ਲੇਖਿਕਾ ਸਰਬਜੀਤ ਕੌਰ ਸੋਹਲ ਦੁਆਰਾ ਨਾਰੀ ਦੀਆਂ ਚੁਣੌਤੀਆਂ ਨਾਲ ਭਰਪੂਰ ਜ਼ਿੰਦਗੀ ਬਾਰੇ ਲਿਖੀ ਅਨਮੋਲ ਕਿਤਾਬ - 'ਦਿ ਬਲੀਡਿੰਗ ਵੋਮੈਨ' ਦੀ ਝਲਕ ਵੀ ਮਹਿਸੂਸ ਹੋਈ ਹੈ... ਜਿਸ ਵਿੱਚ ਉਨ੍ਹਾਂ ਕੁਝ ਇੰਜ ਲਿਖਿਆ ਹੈ..

ਔਰਤ
ਆਪਣੇ ਵਜੂਦ ਨੂੰ
ਸਮੇਂ ਦਾ ਪਲੇਥਣ ਲਾ
ਰੋਜ਼ ਵੇਲਦੀ ਹੈ...
ਰੋਜ਼ ਤਪਦੀ
ਖ਼ੁਦ ਨੂੰ ਹੀ ਮਾਰਦੀ
ਸਵੈ ਤੋਂ ਬੇਦਖ਼ਲ ਹੋ
ਜ਼ਿੰਦਗੀ ਗੁਜ਼ਾਰਦੀ ।
ਸਿਮਟੀ ਕਾਇਨਾਤ
ਲੁਕੀ ਬੈਠੀ ਹਿਆਤ
ਨਾਰੀ ਦਾ ਸੰਤਾਪ
ਚੁੰਨੀ ਹੇਠ...

ਨਾਰੀ ਬਾਰੇ ਹੀ ਰਮਿੰਦਰ ਰੰਮੀ ਦੀ ਕਵਿਤਾ 'ਉਹ ਸੋਚਦੀ' ਦੀ ਇੱਕ ਛੋਟੀ ਜਿਹੀ ਝਲਕ ਵੀ ਦੇਖੋ...

ਔਰਤ ਤੇ ਜਨਣੀ ਹੈ
ਗੁਰੂਆਂ ਪੀਰਾਂ ਦੀ...
ਫਿਰ ਵੀ ਮਰਦ
ਔਰਤ ਨੂੰ ਭੋਗਣ ਦੀ ਵਸਤੂ
ਤੇ ਕੰਮ ਕਰਨ ਵਾਲੀ
ਨੌਕਰਾਣੀ ਹੀ ਸਮਝਦਾ ਹੈ

ਫਿਰ ਰਮਿੰਦਰ ਰਮੀ ਨਾਰੀ ਨੂੰ ਹਲੂਣਾ ਦੇ ਕੇ ਹਿੰਮਤ ਦੇ ਰਹੀ ਹੈ ਕਿ

ਸੁਣ ਔਰਤ...
ਤੂੰ ਕਮਜ਼ੋਰ ਨਹੀਂ ਹੈਂ
ਇੱਕ ਸ਼ਕਤੀ ਦਾ ਨਾਮ ਹੈਂ
ਤੂੰ ਕੰਮ ਵਾਲੀ ਬਾਈ ਜਾਂ
ਭੋਗਣ ਦੀ ਵਸਤੂ ਨਹੀਂ ਹੈਂ
ਹੁਣ ਮਰਦ ਦੇ ਪੈਰ ਦੀ
ਜੁੱਤੀ ਨਹੀਂ ਬਣਨਾ
ਹੁਣ ਉਸਦਾ ਹਮਸਫ਼ਰ ਤੇ
ਸਿਰ ਦਾ ਤਾਜ ਬਣਨਾ

ਸਮਾਜਿਕ ਤਾਣੇ-ਬਾਣੇ ਵਿੱਚ ਵਿਚਰਦਿਆਂ ਆਪਣੇ ਮਨ ਦੀਆਂ ਗੱਲਾਂ ਰੱਬ ਨਾਲ ਸਾਂਝਿਆਂ ਕਰਦਿਆਂ ਕਵਿਤਾ 'ਰੱਬ ਨਾਲ ਦੋ ਗੱਲਾਂ' ਵਿੱਚ ਲੇਖਿਕਾ ਰੱਬ ਨਾਲ ਇੰਜ ਸੰਵਾਦ ਰਚਾ ਰਹੀ ਹੈ...

ਰੱਬਾ ਇਹ ਕੀ ਹੋਈ ਜਾਵੇ
ਬੱਚੀਆਂ ਦੀ ਪੱਤ ਲੁੱਟੀ ਜਾਵੇ
ਦਿਲ ਕਰਦਾ..
ਇੱਕ ਵਾਰ ਤੇਰੇ ਨਾਲ ਗੱਲ ਕਰਾਂ
ਇਹ ਜੋ ਨਿੱਤ ਵਾਪਰ ਰਿਹੈ
ਇਸ ਦੀ ਰਮਜ਼ ਫੜਾਂ

ਆਪਣੀ ਵਿੱਛੜੀ ਹੋਈ ਮਾਂ ਨੂੰ ਯਾਦ ਕਰਦਿਆਂ ਲੇਖਿਕਾ ਭਾਵਕ ਹੁੰਦਿਆਂ ਬੋਲ ਰਹੀ ਹੈ...

ਸੱਚੀਂ ਤੂੰ ਤੇ ਤੁਰ ਗਈ
ਸਭ ਨੂੰ ਰੋਂਦਿਆਂ ਵਿਲਕਦਿਆਂ ਛੱਡ
ਪਰ ਮੈਨੂੰ ਤੇ ਕਦੇ ਲੱਗਾ ਹੀ ਨਹੀਂ
ਕਿ ਤੂੰ ਤੁਰ ਗਈ

ਤੁਰ ਗਏ ਸੱਜਣ ਦੀ 'ਜੁਦਾਈ' ਦੇ ਅਹਿਸਾਸ ਨੂੰ ਸੁੰਦਰ ਸ਼ਬਦਾਂ ਵਿੱਚ ਬਿਆਨ ਕੀਤਾ ਹੈ

ਮੈਂ ਤੈਨੂੰ ਦਿਲ ਤੋਂ ਚਾਹਿਆ
ਤੈਨੂੰ ਬੇਪਨਾਹ ਮੁਹੱਬਤ ਕੀਤੀ
ਤੇ ਤੂੰ ਜਾਣ ਲੱਗਿਆਂ
ਦੁਆ ਸਲਾਮ ਕੀਤੇ ਬਿਨਾਂ
ਹੀ ਤੁਰ ਗਿਆਂ...
ਹਰ ਆਹਟ ਤੇ ਮੈਂ ਚੌਂਕ ਜਾਂਦੀ ਹਾਂ
ਆਇਆ ਹੈ ਸ਼ਾਇਦ ਕੋਈ
ਕਿਤੇ ਮੇਰਾ ਸੱਜਣ ਨਾ ਹੋਵੇ...

ਰਿਸ਼ਤਿਆਂ ਦੇ ਤਾਣੇ-ਬਾਣਿਆਂ ਦੀਆਂ ਤੰਦਾਂ ਜ਼ਿੰਦਗੀ ਨੂੰ ਚੱਲਦਿਆਂ ਰੱਖਦੀਆਂ ਹਨ। 'ਅਨਮੋਲ ਰਤਨ' ਕਵਿਤਾ ਵਿੱਚ ਲੇਖਿਕਾ ਆਪਣੇ ਪੋਤਰੇ-ਪੋਤਰੀਆਂ ਪ੍ਰਤੀ ਸਨੇਹ ਦਾ ਇਜ਼ਹਾਰ ਕਰਦੀ ਹੈ..

ਨੰਨੇ ਮੁੰਨੇ ਪਿਆਰੇ ਪਿਆਰੇ
ਦਾਦੀ ਦੀਆਂ ਅੱਖਾਂ ਦੇ ਤਾਰੇ
ਹਰ ਵੇਲੇ ਚਿੱਤ ਪਰਚਾਈ ਰੱਖਦੇ
ਦਾਦੀ ਦਾ ਦਿਲ ਲਗਾਈ ਰੱਖਦੇ

ਧੀਆਂ ਨੂੰ ਕੁੱਖ ਵਿੱਚ ਹੀ ਮਾਰਨ ਦੇ ਚੰਦਰੇ ਜ਼ਮਾਨੇ ਵਿੱਚ ਇੱਕ ਅਣਜੰਮੀ ਧੀ ਦੀ ਆਪਣੀ ਮਾਂ ਨੂੰ ਪੁਕਾਰਨ ਵਾਲੀ ਕਵਿਤਾ 'ਅਣਜੰਮੀ ਧੀ ਦੀ ਪੁਕਾਰ' ਪਾਠਕ ਦੀ ਰੂਹ ਨੂੰ ਧੂਹ ਪਾਉਂਦੀ ਹੈ..

ਸੁਣ ਰਹੀ ਹੈਂ ਨਾ ਮੇਰੀ ਮਾਂ
ਮੈਂ ਤਰਲੇ ਲੈ ਰਹੀ ਹਾਂ
ਮੈਨੂੰ ਕੁੱਖ ਵਿੱਚ ਨਾ ਮਾਰੀ ਮਾਂ
ਮੇਰਾ ਵੀ ਜੀਅ ਕਰਦਾ ਹੈ
ਮੈਂ ਵੀ ਦੁਨੀਆਂ ਦੇਖਾਂ
ਕਿੰਨੀ ਹੁਸੀਨ ਹੋਏਗੀ
ਇਹ ਦੁਨੀਆਂ

ਹੋਰ ਬਹੁਤ ਸਾਰੀਆਂ ਦਿਲਚਸਪ ਕਵਿਤਾਵਾਂ ਤੋਂ ਇਲਾਵਾ ਇਨਸਾਨੀ ਬਘਿਆੜ, ਗੁਰੂ ਨਾਨਕ ਨੂੰ ਪੁਕਾਰ, ਪ੍ਰਦੇਸਣ ਭੈਣ ਦੀ ਰੱਖੜੀ, ਮੋਹ ਦੇ ਦੀਵੇ ਜਗਾਈਏ, ਤੈਂ ਕੀ ਦਰਦ ਨਾ ਆਇਆ ਵੀ ਇਸ ਕਾਵਿਕ ਕਿਤਾਬ ਨੂੰ ਸ਼ਿੰਗਾਰਦੀਆਂ ਹਨ।

ਰਮਿੰਦਰ ਜੀ ਅਕਸਰ ਸੋਸ਼ਲ ਮੀਡੀਆ ਦੇ ਪਲੇਟਫਾਰਮ ਉੱਪਰ ਨਵੀਆਂ ਨਵੀਆਂ ਕਵਿਤਾਵਾਂ ਲਿਖ ਕੇ ਪੋਸਟ ਕਰਦੇ ਰਹਿੰਦੇ ਹਨ। ਉਸ ਦੇ ਸਾਹਿਤਿਕ ਪਿਆਰਿਆਂ ਦਾ ਵਿਸ਼ਾਲ ਘੇਰਾ ਹੋਰ ਵੀ ਵਿਸ਼ਾਲ ਹੋ ਰਿਹਾ। ਉਹ ਪੂਰੀ ਤਨਦੇਹੀ, ਲਗਨ ਅਤੇ ਮਿਹਨਤ ਨਾਲ ਆਪਣੀ ਚਾਲੇ ਚੱਲੀ ਜਾ ਰਹੀ ਹੈ ਜੋ ਇੱਕ ਸ਼ੁੱਭ ਕਾਰਜ ਹੈ। ਮੇਰੀ ਵੱਲੋਂ ਰਮਿੰਦਰ ਰਮੀ ਜੀ ਨੂੰ ਇਸ ਕਾਵਿ-ਪੁਸਤਕ ਦੀਆਂ ਵਧਾਈਆਂ ਅਤੇ ਉਸ ਦੇ ਅਗਲੇ ਅਤੇ ਅਗਲੇਰੇ ਸਾਹਿਤਿਕ ਸਫ਼ਰ ਲਈ ਢੇਰ ਸਾਰੀਆਂ ਦੁਆਵਾਂ!!

ਜ਼ਿੰਦਗੀ ਜ਼ਿੰਦਾਬਾਦ।



ਕੁਲਵਿੰਦਰ ਬਾਠ
ਕੈਲੀਫੋਰਨੀਆ, ਯੂ.ਐਸ.ਏ









ਪੰਜਾਬ ਸਟਾਰ
www.punjabstar.com

# Diabetic Neuropathy: ਡਾਇਬਿਟੀਜ਼ ਕਾਰਨ ਸਰੀਰ ਨੂੰ ਬਰਬਾਦ ਹੋਣ ਤੋਂ ਪਹਿਲਾਂ ਹੋ ਜਾਓ ਸਾਵਧਾਨ



ਸ਼ੂਗਰ ਦੀ ਸਥਿਤੀ ਵਿੱਚ, ਸਰੀਰ ਵਿੱਚ ਸ਼ੂਗਰ ਦੀ ਮਾਤਰਾ ਵੱਧ ਜਾਂਦੀ ਹੈ। ਕੀ ਤੁਸੀਂ ਜਾਣਦੇ ਹੋ ਕਿ ਜੇਕਰ ਇਸ ਨੂੰ ਠੀਕ ਤਰ੍ਹਾਂ ਨਾਲ ਕੰਟਰੋਲ ਨਾ ਕੀਤਾ ਜਾਵੇ ਤਾਂ ਨਸਾਂ ਖਰਾਬ ਹੋਣ ਲੱਗਦੀਆਂ ਹਨ। ਹਾਂ, ਅਸਲ ਵਿੱਚ ਇਸ ਬਿਮਾਰੀ ਨੂੰ ਡਾਇਬੀਟਿਕ ਨਿਊਰੋਪੈਥੀ ਕਿਹਾ ਜਾਂਦਾ ਹੈ। ਨਸਾਂ ਦੇ ਨੁਕਸਾਨ (Diabetic neuropathy symptoms) ਕਾਰਨ ਸਰੀਰ ਦੇ ਅੰਗ ਠੀਕ ਤਰ੍ਹਾਂ ਕੰਮ ਨਹੀਂ ਕਰਦੇ ਅਤੇ ਕਈ ਵਾਰ ਮੌਤ ਵੀ ਹੋ ਸਕਦੀ ਹੈ। ਇਸ ਲਈ, ਸ਼ੂਗਰ ਦੇ ਇਸ ਰੂਪ ਨੂੰ ਬਹੁਤ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਡਾਕਟਰ ਦੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ. ਆਓ, ਇਸ ਲੇਖ ਵਿਚ ਤੁਹਾਨੂੰ ਇਸ ਨਾਲ ਜੁੜੇ ਲੱਛਣਾਂ ਬਾਰੇ ਪਤਾ ਲੱਗੇਗਾ।

### CDC ਰਿਪੋਰਟ ਕੀ ਕਹਿੰਦੀ ਹੈ?

ਕੀ ਤੁਸੀਂ ਜਾਣਦੇ ਹੋ ਕਿ ਸ਼ੂਗਰ ਦੇ ਲਗਭਗ ਅੱਧੇ ਮਰੀਜ਼ਾਂ ਨੂੰ ਨਸਾਂ ਦੇ ਨੁਕਸਾਨ ਯਾਨੀ ਨਿਊਰੋਪੈਥੀ ਦਾ ਸਾਹਮਣਾ ਕਰਨਾ ਪੈਂਦਾ ਹੈ? ਇਹ ਡਰਾਉਣਾ ਲੱਗ ਸਕਦਾ ਹੈ, ਪਰ ਸੱਚਾਈ ਇਹ ਹੈ ਕਿ ਜੇਕਰ ਇਸ ਸਮੱਸਿਆ ਨੂੰ ਸਮੇਂ ਸਿਰ ਪਛਾਣ ਲਿਆ ਜਾਵੇ ਤਾਂ ਇਸ ਨੂੰ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਹੈ। ਜਿਵੇਂ ਕਿ CDC (ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ) ਦੁਆਰਾ ਰਿਪੋਰਟ ਕੀਤੀ ਗਈ ਹੈ, ਡਾਇਬੀਟਿਕ ਨਿਊਰੋਪੈਥੀ ਇੱਕ ਗੰਭੀਰ ਪੇਚੀਦਗੀ ਹੈ ਜੋ ਲੰਬੇ ਸਮੇਂ ਵਿੱਚ ਹਾਈ ਬਲੱਡ ਸ਼ੂਗਰ ਦੇ ਪੱਧਰਾਂ ਕਾਰਨ ਹੁੰਦੀ ਹੈ। ਇਹ ਤੁਹਾਡੇ ਸਰੀਰ ਦੀਆਂ ਨਸਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਕਈ ਤਰ੍ਹਾਂ ਦੇ ਲੱਛਣ ਪੈਦਾ ਕਰ ਸਕਦਾ ਹੈ।

### ਸ਼ੂਗਰ ਨਿਊਰੋਪੈਥੀ ਦੇ ਕੁਝ ਆਮ ਲੱਛਣ

ਡਾਇਬੀਟਿਕ ਨਿਊਰੋਪੈਥੀ ਦੇ ਸ਼ੁਰੂਆਤੀ ਲੱਛਣਾਂ ਨੂੰ ਪਛਾਣਨਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਸਮੇਂ ਸਿਰ ਇਲਾਜ ਨਾਲ ਤੁਸੀਂ ਗੰਭੀਰ ਜਟਿਲਤਾਵਾਂ ਤੋਂ ਬਚ ਸਕਦੇ ਹੋ।

**ਹੱਥਾਂ ਅਤੇ ਪੈਰਾਂ ਵਿੱਚ ਸੁੰਨ ਹੋਣਾ ਜਾਂ ਚੰਬੜਨਾ:** ਇਹ ਸਭ ਤੋਂ ਆਮ ਲੱਛਣ ਹੈ।

**ਪੈਰਾਂ ਦੇ ਫੋੜੇ:** ਪੈਰਾਂ 'ਤੇ ਜ਼ਖਮ ਜੋ ਠੀਕ ਨਹੀਂ ਹੁੰਦੇ।

**ਜੋੜਾਂ ਵਿੱਚ ਦਰਦ:** ਖਾਸ ਕਰਕੇ ਪੈਰਾਂ ਅਤੇ ਹੱਥਾਂ ਵਿੱਚ।

**ਪਾਚਨ ਸੰਬੰਧੀ ਸਮੱਸਿਆਵਾਂ:** ਮਤਲੀ, ਉਲਟੀਆਂ, ਦਸਤ, ਭੁੱਖ ਨਾ ਲੱਗਣਾ।

**ਪਿਸ਼ਾਬ ਸੰਬੰਧੀ ਸਮੱਸਿਆਵਾਂ:** ਪਿਸ਼ਾਬ ਕਰਨ ਵਿੱਚ ਮੁਸ਼ਕਲ।

**ਜਿਨਸੀ ਸਮੱਸਿਆਵਾਂ:** ਮਰਦਾਂ ਵਿੱਚ ਨਪੁੰਸਕਤਾ ਅਤੇ ਔਰਤਾਂ ਵਿੱਚ ਯੋਨੀ ਦੀ ਖੁਸ਼ਕੀ।

**ਦਰਦ:** ਕਮਰ ਵਿੱਚ ਗੰਭੀਰ ਦਰਦ, ਅੱਖਾਂ ਦੇ ਪਿੱਛੇ ਦਰਦ।

**ਨਜ਼ਰ ਦੀਆਂ ਸਮੱਸਿਆਵਾਂ:** ਧੁੰਦਲੀ ਨਜ਼ਰ।

ਜੇ ਲੱਛਣ ਦਿਖਾਈ ਦੇਣ ਤਾਂ ਕੀ ਕਰਨਾ ਹੈ?

ਆਪਣੇ ਬਲੱਡ ਸ਼ੂਗਰ ਦੀ ਨਿਯਮਤ ਤੌਰ 'ਤੇ ਜਾਂਚ ਕਰੋ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਬਲੱਡ ਸ਼ੂਗਰ ਕੰਟਰੋਲ ਤੋਂ ਬਾਹਰ ਹੋ ਰਹੀ ਹੈ ਜਾਂ ਤੁਸੀਂ ਕੁਝ ਲੱਛਣਾਂ ਦਾ ਅਨੁਭਵ ਕਰ ਰਹੇ ਹੋ, ਤਾਂ ਤੁਰੰਤ ਆਪਣੇ ਡਾਕਟਰ ਨਾਲ ਸੰਪਰਕ ਕਰੋ।

ਡਾਇਬੀਟਿਕ ਨਿਊਰੋਪੈਥੀ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦੀ, ਪਰ ਸਮੇਂ ਸਿਰ ਇਲਾਜ ਨਾਲ ਇਸ ਨੂੰ ਵਧਣ ਤੋਂ ਯਕੀਨੀ ਤੌਰ 'ਤੇ ਰੋਕਿਆ ਜਾ ਸਕਦਾ ਹੈ।

### ਬਲੱਡ ਸ਼ੂਗਰ ਨੂੰ ਕਿਵੇਂ ਕੰਟਰੋਲ ਕਰੀਏ?

ਸ਼ੂਗਰ ਦੇ ਮਰੀਜ਼ਾਂ ਨੂੰ ਸੰਤੁਲਿਤ ਭੋਜਨ ਖਾਣਾ ਚਾਹੀਦਾ ਹੈ ਜੋ ਫਾਈਬਰ, ਵਿਟਾਮਿਨ ਅਤੇ ਖਣਿਜਾਂ ਨਾਲ ਭਰਪੂਰ ਹੋਵੇ।

ਨਿਯਮਤ ਤੌਰ 'ਤੇ ਕਸਰਤ ਕਰਨ ਨਾਲ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲਦੀ ਹੈ।

ਜ਼ਿਆਦਾ ਭਾਰ ਜਾਂ ਮੋਟਾ ਹੋਣਾ ਸ਼ੂਗਰ ਨੂੰ ਵਿਗੜ ਸਕਦਾ ਹੈ। ਇਸ ਲਈ ਆਪਣੇ ਵਜ਼ਨ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ।

ਹਾਈ ਬਲੱਡ ਪ੍ਰੈਸ਼ਰ ਸ਼ੂਗਰ ਲਈ ਇੱਕ ਜੋਖਮ ਦਾ ਕਾਰਕ ਹੈ। ਇਸ ਲਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੈ।

ਸ਼ਰਾਬ ਅਤੇ ਸਿਗਰਟਨੋਸ਼ੀ ਸ਼ੂਗਰ ਲਈ ਹਾਨੀਕਾਰਕ ਹੈ। ਅਜਿਹੇ 'ਚ ਇਸ ਤੋਂ ਵੀ ਬਚੋ।

ਡਾਕਟਰ ਦੁਆਰਾ ਦੱਸੀਆਂ ਦਵਾਈਆਂ ਨੂੰ ਸਮੇਂ ਸਿਰ ਲੈਣਾ ਬਹੁਤ ਜ਼ਰੂਰੀ ਹੈ।

ਆਪਣੇ ਬਲੱਡ ਸ਼ੂਗਰ ਦੀ ਨਿਯਮਤ ਜਾਂਚ ਕਰਦੇ ਰਹੋ ਅਤੇ ਆਪਣੇ ਸਰੀਰ ਨੂੰ ਹਾਈਡਰੇਟ ਰੱਖਣ ਲਈ ਕਾਫ਼ੀ ਪਾਣੀ ਪੀਓ।

# ਵੈੱਲਨੈੱਸ ਮੇਲਾ ਅਤੇ ਇੱਕ ਮਾਰਕੀਟਪਲੇਸ ਦਾ ਆਯੋਜਨ ਕੀਤਾ ਗਿਆ



26 ਸਤੰਬਰ ਅਤੇ 1 ਅਕਤੂਬਰ ਨੂੰ, ਪੌਲੀਕਲਚਰਲ ਇਮੀਗ੍ਰੇਂਟ ਐਂਡ ਕਮਿਊਨਿਟੀ ਸਰਵਿਸਿਜ਼ ਦੀ ਸੀਨੀਅਰਜ਼ ਹੱਬ ਨੇ ਪੀਲ ਖੇਤਰ ਦੇ ਸੀਨੀਅਰਜ਼ ਲਈ ਇੱਕ ਵੈੱਲਨੈੱਸ ਮੇਲਾ ਅਤੇ ਇੱਕ ਮਾਰਕੀਟਪਲੇਸ ਦਾ ਆਯੋਜਨ ਕੀਤਾ। ਦੋਵੇਂ ਸਮਾਗਮਾਂ ਨੂੰ ਜਬਰਦਸਤ ਸਫ਼ਲਤਾ ਮਿਲੀ ! ਵੈੱਲਨੈਸ ਮੇਲੇ ਵਿੱਚ 200 ਤੋਂ ਵੱਧ ਬਜ਼ੁਰਗਾਂ ਦੇ ਨਾਲ-ਨਾਲ ਐਮਪੀਪੀ ਰੂਡੀ ਕੁਜ਼ੇਟੋ ਨੇ ਵੀ ਹਿੱਸਾ ਲਿਆ। ਬਜ਼ੁਰਗਾਂ ਨੂੰ ਵਲੰਟੀਅਰ ਮੌਕਿਆਂ ਅਤੇ ਭਾਈਚਾਰਕ ਸਿਹਤ ਸੇਵਾਵਾਂ ਬਾਰੇ ਜਾਨਣ ਦਾ ਮੌਕਾ ਮਿਲਿਆ, ਅਤੇ ਉਨ੍ਹਾਂ ਨੇ ਮੁਫਤ ਜ਼ੁੰਬਾ, ਯੋਗਾ, ਚੇਅਰ ਫਿੱਟਨੈਸ, ਲਾਈਨ ਡਾਂਸ ਅਤੇ ਹੋਰ ਬਹੁਤ ਕੁਝ ਦਾ ਅਨੰਦ ਲਿਆ। ਸੀਨੀਅਰਜ਼ ਮਾਰਕੀਟਪਲੇਸ ਵਿਖੇ, ਬਜ਼ੁਰਗਾਂ ਨੇ ਖਰੀਦਦਾਰਾਂ ਨੂੰ ਆਪਣੀ ਸ਼ਿਲਪਕਾਰੀ, ਕਲਾ, ਪੌਦੇ, ਅਤੇ ਸਜਾਵਟ ਸਮੱਗਰੀ ਦਾ ਪ੍ਰਦਰਸ਼ਨ ਕੀਤਾ ਅਤੇ ਅਜਿਹੀਆਂ ਆਈਟਮਾਂ ਵੇਚੀਆਂ। ਪੌਲੀਕਲਚਰਲ ਸੀਨੀਅਰਜ਼ ਹੱਬ ਸਾਰੇ ਤਰਾਂ ਦੇ ਪਿਛੋਕੜ ਵਾਲੇ 55+ ਬਜ਼ੁਰਗਾਂ ਦਾ ਸਵਾਗਤ ਕਰਦੀ ਹੈ। ਯੂਨਾਈਟਿਡ ਵੇਅ ਦੁਆਰਾ ਫੰਡ ਪ੍ਰਾਪਤ, ਸੀਨੀਅਰਜ਼ ਹੱਬ ਵਿਦਿਅਕ ਸੈਮੀਨਾਰ, ਭਾਈਚਾਰਕ ਸਮਾਗਮ ਅਤੇ ਹੋਰ ਗਤੀਵਿਧੀਆਂ ਪੇਸ਼ ਕਰਦਾ ਹੈ। ਸੀਨੀਅਰ ਹੱਬ ਦੁਆਰਾ ਇਕੱਲਾਪਣ ਮਹਿਸੂਸ ਕਰ ਰਹੇ ਬਜ਼ੁਰਗਾਂ ਦੇ ਘਰਾਂ ਵਿੱਚ ਮਿਲਣੀ ਦੌਰੇ ਵੀ ਪ੍ਰਦਾਨ ਕੀਤੇ ਜਾਂਦੇ ਹਨ। ਪੌਲੀਕਲਚਰਲ ਪੀਲ ਦੁਆਰਾ ਬਜ਼ੁਰਗਾਂ ਨੂੰ ਇਸ ਵਿੱਚ ਸ਼ਾਮਲ ਹੋਣ ਅਤੇ ਇਸ ਦਾ ਅਨੰਦ ਮਾਨਣ ਲਈ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਵਾਸਤੇ, ਅਤੇ ਬਜ਼ੁਰਗਾਂ ਨੂੰ ਭੇਜਣ ਲਈ, ਕਿਰਪਾ ਕਰਕੇ ਲਿਜ਼ ਨਾਲ ਸੰਪਰਕ ਕਰੋ: 905-403-8860 x 5256 ਜਾਂ ਈਮੇਲ ਕਰੋ: lciconte@polycultural.org

# ਚਮਕ ਦਮਕ ਵਾਲਾ ਸ਼ਹਿਰ ਦੁਬਈ


## ਟੋਰਾਂਟੋ ਤੋਂ ਦੁਬਈ ਟੂਰ

ਕਾਫੀ ਸਮੇਂ ਤੋਂ ਚਮਕ-ਦਮਕ ਵਾਲਾ ਸ਼ਹਿਰ ਦੁਬਈ ਘੁੱਮਣ ਦਾ ਮਨ ਸੀ। ਆਖਿਰ, ਸਾਲ 2024 ਦੀਆਂ ਕੁੱਝ ਛੁੱਟੀਆਂ ਦੇ ਮਜੇਦਾਰ ਪੱਲ ਆਪਣੇ ਪਰਿਵਾਰ ਨਾਲ ਦੁਬਈ 'ਚ ਬਿਤਾਉਣ ਦਾ ਮੌਕਾ ਮਿਲਿਆ। ਆਪਣੀ ਗੱਲ ਦੀ ਸ਼ੁਰੂਆਤ ਦੁਬਈ ਸ਼ਹਿਰ ਤੋਂ ਕਰ ਰਹੇ ਹਾਂ। ਅਮੀਰਾਤ ਦੀ ਰਾਜਧਾਨੀ ਦੁਬਈ, ਸੰਯੁਕਤ ਅਰਬ ਅਮੀਰਾਤ ਦਾ ਸੱਭ ਤੋਂ ਵੱਧ ਆਬਾਦੀ ਵਾਲਾ ਅਤੇ ਚਮਕ-ਦਮਕ ਨਾਲ ਭਰਪੂਰ ਸ਼ਹਿਰ ਮੰਨਿਆ ਗਿਆ ਹੈ। ਅੱਜ ਦੁਬਈ ਨੂੰ ਦੇਸ਼ ਦੇ ਸੱਤ ਅਮੀਰਾਤਾਂ ਵਿੱਚੋਂ ਯਾਨਿ ਸੱਭ ਤੋਂ ਜ਼ਿਆਦਾ ਪਾਪੂਲੇਸ਼ਨ ਵਾਲਾ ਸ਼ਹਿਰ ਦੇਖਿਆ ਜਾ ਰਿਹਾ ਹੈ। ਦੁਬਈ ਦੀ ਸਥਾਪਨਾ 19ਵੀਂ ਸਦੀ 'ਚ ਇੱਕ ਮੱਛੀ ਫੜਨ ਵਾਲੇ ਪਿੰਡ ਵੱਜੋਂ ਕੀਤੀ ਗਈ ਸੀ। 20ਵੀਂ ਸਦੀ ਦੇ ਸ਼ੁਰੂ, ਇਹ ਸੈਰ-ਸਪਾਟਾ ਅਤੇ ਲਗਜ਼ਰੀ 'ਤੇ ਖਾਸ ਜੋਰ ਦੇਣ ਦੇ ਨਾਲ ਇੱਕ ਮਹੱਤਵਪੂਰਨ ਖੇਤਰੀ ਅਤੇ ਅੰਤਰਰਾਸ਼ਟਰੀ ਵਪਾਰਕ ਕੇਂਦਰ ਵੱਜੋਂ ਵਿਕਸਿਤ ਹੋਇਆ ਹੈ। ਦੁਬਈ 20ਵੀਂ ਸਦੀ ਦੇ ਸ਼ੁਰੂ ਤੋਂ ਖੇਤਰੀ ਅਤੇ ਅੰਤਰਰਾਸ਼ਟਰੀ ਵਪਾਰ ਦਾ ਕੇਂਦਰ ਰਿਹਾ ਹੈ, ਅਤੇ ਇਸਦੀ ਆਰਥਿਕਤਾ ਵਪਾਰ, ਸੈਰ-ਸਪਾਟਾ, ਹਵਾਬਾਜੀ, ਰੀਅਲ ਅਸਟੇਟ ਅਤੇ ਵਿੱਤੀ ਸੇਵਾਵਾਂ ਦੇ ਮਾਲੀਏ 'ਤੇ ਨਿਰਭਰ ਕਰਦੀ ਹੈ। ਤੇਲ ਦੀ ਆਮਦਨ ਨੇ ਸ਼ਹਿਰ ਦੇ ਵਿਕਾਸ ਨੂੰ ਤੇਜ਼ ਕਰਨ 'ਚ ਮਦਦ ਕੀਤੀ।

ਸੰਯੁਕਤ ਅਰਬ ਅਮੀਰਾਤ ਦੁਆਰਾ ਪਰਿਭਾਸ਼ਿਤ ਖੇਤਰ 'ਚ ਮਨੁੱਖੀ ਵਸੇਵੇ ਦਾ ਇਤਿਹਾਸ ਗੁੰਝਲਦਾਰ ਅਤੇ ਵਿਆਪਕ ਹੈ। ਇਹ ਸਿੰਧੂ ਘਾਟੀ ਅਤੇ ਮੇਸੋਪੋਟੇਮੀਆ ਦੀਆਂ ਸਭਿਅਤਾਵਾਂ ਅਤੇ ਇੱਥੋਂ ਤੱਕ ਕਿ ਲੇਵੈਂਟ ਤੱਕ ਵੀ ਦੂਰ ਤੱਕ ਵਿਆਪਕ ਵਪਾਰਕ ਸਬੰਧਾਂ ਵੱਲ ਇਸ਼ਾਰਾ ਕਰਦਾ ਹੈ। ਦੁਬਈ ਦੇ ਅਮੀਰਾਤ 'ਚ ਪੁਰਾਤੱਤਵ ਖੋਜਾਂ, ਖਾਸ ਤੌਰ 'ਤੇ ਅਲ-ਆਸ਼ੂਸ਼, ਅਲ ਸੁਫੋਹ ਅਤੇ ਸਾਰੁਕ ਅਲ ਹਦੀਦ ਤੋਂ ਖਾਸ ਤੌਰ 'ਤੇ ਅਮੀਰ ਖਜ਼ਾਨੇ 'ਚ ਉਬੈਦ ਅਤੇ ਹਫੀਤ ਦੌਰ, ਉਮ ਅਲ ਨਾਰ ਅਤੇ ਵਾਦੀ ਸੂਕ ਦੌਰ ਅਤੇ ਤਿੰਨ ਲੋਹੇ ਯੁੱਗਾਂ 'ਚ ਬੰਦੋਵਸਤ ਦਰਸਾਉਂਦੇ ਹਨ। ਯੂ.ਏ.ਈ 'ਚ ਇਹ ਖੇਤਰ ਸੁਮੇਰੀਅਨ ਲੋਕਾਂ ਨੂੰ ਮਗਨ ਵੱਜੋਂ ਜਾਣਿਆ ਜਾਂਦਾ ਸੀ ਅਤੇ ਖਾਸ ਕਰਕੇ ਤਾਂਬਾ ਅਤੇ ਕਾਂਸੀ ਧਾਤੂ ਵਸਤਾਂ ਦਾ ਇੱਕ ਸਾਧਨ ਸੀ। ਮਾਡਰਨ ਦੁਬਈ 1970 ਦੇ ਦਹਾਕੇ ਦੌਰਾਣ, ਦੁਬਈ ਨੇ ਤੇਲ ਅਤੇ ਵਪਾਰ ਤੋਂ ਪੈਦਾ ਹੋਏ ਮਾਲੀਏ ਦੁਆਰਾ ਲਗਾਤਾਰ ਵਾਧੇ ਦਾ ਅਨੁਭਵ ਕੀਤਾ, ਇੱਥੋਂ ਤੱਕ ਕਿ ਸ਼ਹਿਰ ਨੇ ਲੇਬਨਾਨੀ ਘਰੇਲੂ ਯੁੱਧ ਤੋਂ ਭੱਜਣ ਵਾਲੇ ਪ੍ਰਵਾਸੀਆਂ ਦੀ ਆਮਦ ਦੇਖੀ। ਸੰਯੁਕਤ ਅਰਬ ਅਮੀਰਾਤ ਦੇ ਗਠਨ ਤੋਂ ਬਾਅਦ ਵੀ ਅਮੀਰਾਤ ਵਿਚਕਾਰ ਸਰਹੱਦੀ ਵਿਵਾਦ ਜਾਰੀ ਰਹੇ। ਇਹ ਸਿਰਫ 1979 'ਚ ਹੀ ਸੀ ਕਿ ਇੱਕ ਰਸਮੀ ਸਮਝੌਤਾ ਹੋਇਆ ਸੀ, ਜਿਸ ਨਾਲ ਅਸਹਿਮਤੀ ਨੂੰ ਖਤਮ ਕੀਤਾ ਗਿਆ ਸੀ। 1979 'ਚ, ਜੇਬੇਲ ਅਲੀ ਬੰਦਰਗਾਹ ਦੀ ਸਥਾਪਨਾ, ਇੱਕ ਡੂੰਘੇ ਪਾਣੀ ਦੀ ਬੰਦਰਗਾਹ ਜਿਸ 'ਚ ਵੱਡੇ ਸਮੁੰਦਰੀ ਜਹਾਜ਼ ਸਨ, ਨੇ ਇੱਕ ਮਹੱਤਵਪੂਰਨ ਵਿਕਾਸ ਕੀਤਾ। ਸ਼ੁਰੂ 'ਚ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ, ਸ਼ੇਖ ਮੁਹੰਮਦ ਨੇ 1985 'ਚ ਬੰਦਰਗਾਹ ਦੇ ਆਲੇ-ਦੁਆਲੇ ਜਾਫਜ਼ਾ (ਜੇਬੇਲ ਅਲੀ ਫ੍ਰੀ ਜ਼ੋਨ) ਦੀ ਸ਼ੁਰੂਆਤ ਕੀਤੀ, ਜਿਸ ਨਾਲ ਵਿਦੇਸ਼ੀ ਕੰਪਨੀਆਂ ਲਈ ਲੇਬਰ ਦੀ ਬੇਰੋਕ ਦਰਾਮਦ ਅਤੇ ਪੂੰਜੀ ਦੇ ਨਿਰਯਾਤ ਦੀ ਸਹੂਲਤ ਦਿੱਤੀ ਗਈ। ਇਸਦੇ ਨਾਲ ਹੀ, ਦੁਬਈ ਹਵਾਈ ਅੱਡੇ ਅਤੇ ਹਵਾਬਾਜ਼ੀ ਇੰਡਸਟਰੀ ਨੇ ਆਪਣਾ ਵਿਸਥਾਰ ਜਾਰੀ ਰੱਖਿਆ ਹੋਇਆ ਹੈ।







**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਦੁਬਈ ਅੰਤਰਰਾਸ਼ਟਰੀ ਹਵਾਈ ਅੱਡਾ: ਦੁਬਈ, ਸੰਯੁਕਤ ਅਰਬ ਅਮੀਰਾਤ ਦੀ ਸੇਵਾ ਕਰਨ ਵਾਲਾ ਪ੍ਰਾਈਮਰੀ ਅੰਤਰਰਾਸ਼ਟਰੀ ਹਵਾਈ ਅੱਡਾ ਹੈ, ਅਤੇ ਅੰਤਰਰਾਸ਼ਟਰੀ ਯਾਤਰੀ ਆਵਾਜਾਈ ਦੁਆਰਾ ਦੁਨੀਆ ਦਾ ਸੱਭ ਤੋਂ ਵਿਅਸਤ ਹਵਾਈ ਅੱਡਾ ਹੈ। ਸਾਲ 2023 'ਚ ਹਵਾਈ ਅੱਡੇ ਨੇ 87 ਮਿਲੀਅਨ ਯਾਤਰੀਆਂ ਅਤੇ 1.81 ਮਿਲੀਅਨ ਟਨ ਕਾਰਗੋ ਨੂੰ ਸੰਭਾਲਿਆ ਅਤੇ ਕਰੀਬਨ 416,405 ਜਹਾਜ਼ਾਂ ਦੀ ਆਵਾਜਾਈ ਦਰਜ ਕੀਤੀ। ਜੁਲਾਈ 2019 'ਚ ਦੁਬਈ ਅੰਤਰਰਾਸ਼ਟਰੀ ਹਵਾਈ ਅੱਡੇ ਨੇ 2030 ਤੱਕ ਸ਼ਹਿਰ ਦੀ ਊਰਜਾ ਦੀ ਖਪਤ ਦਾ 30 ਪ੍ਰਤੀਸ਼ਤ ਘਟਾਉਣ ਦੇ ਦੁਬਈ ਦੇ ਟੀਚੇ ਦੇ ਹਿੱਸੇ ਵੱਜੋਂ ਖੇਤਰ ਦੇ ਹਵਾਈ ਅੱਡਿਆਂ 'ਚ ਸੱਭ ਤੋਂ ਵੱਡੀ ਸੂਰਜੀ ਊਰਜਾ ਪ੍ਰਣਾਲੀ ਸਥਾਪਤ ਕੀਤੀ। ਅਮੀਰਾਤ ਏਅਰਲਾਈਨ ਦਾ ਦੁਬਈ ਇੰਟਰਨੈਸ਼ਨਲ 'ਚ ਆਪਣਾ ਹੱਬ ਏਅਰਪੋਰਟ ਹੈ ਅਤੇ ਇਸਦਾ ਆਪਣਾ ਟਰਮੀਨਲ 3 ਹੈ ਜਿਸ 'ਚ 3 ਕੰਕੋਰਸ ਹਨ ਜੋ ਉਹ ਫਲਾਈਦੁਬਈ ਨਾਲ ਸਾਂਝੇ ਕਰਦੇ ਹਨ। ਅਮੀਰਾਤ ਹੱਬ ਮੱਧ ਪੂਰਬ 'ਚ ਸੱਭ ਤੋਂ ਵੱਡਾ ਏਅਰਲਾਈਨ ਹੱਬ ਹੈ; ਅਮੀਰਾਤ ਸਾਰੇ ਯਾਤਰੀਆਂ ਦੇ ਟ੍ਰੈਫਿਕ ਦਾ 51% ਹੈਂਡਲ ਕਰਦੀ ਹੈ ਅਤੇ ਹਵਾਈ ਅੱਡੇ 'ਤੇ ਸਾਰੇ ਜਹਾਜ਼ਾਂ ਦੀ ਅਵਾਜਾਈ ਦਾ ਲੱਗਭਗ 42% ਹੈ। ਹਵਾਈ ਅੱਡੇ ਦੀ ਸਲਾਨਾ ਸਮਰਥਾ 90 ਮਿਲੀਅਨ ਯਾਤਰੀਆਂ ਦੀ ਹੈ। ਜਨਵਰੀ 2024 ਤੱਕ, 8000 ਤੋਂ ਵੱਧ ਹਫਤਾਵਾਰੀ ਉਡਾਨਾਂ 100 ਏਅਰਲਾਈਨਾਂ ਦੁਆਰਾ ਸਾਰੇ ਆਬਾਦੀ ਵਾਲੇ ਮਹਾਂਦੀਪਾਂ 'ਚ 262 ਤੋਂ ਵੱਧ ਮੰਜਿਲਾਂ ਲਈ ਚਲਾਈਆਂ ਜਾਂਦੀਆਂ ਹਨ।

(ਅਗਲੀ ਬਾਰ ਨਵੇਂ ਵਿਸ਼ੇ 'ਤੇ ਗੱਲਬਾਤ ਕਰਾਂਗੇ)













# ਗੁੱਸਾ ਨਹੀਂ ਪਿਆਰ ਵੰਡੋ

ਗੁੱਸਾ ਆਉਣਾ ਸੁਭਾਵਿੱਕ ਗੱਲ ਹੈ ਪਰ ਆਪਣੇ ਗੁੱਸੇ 'ਤੇ ਕਾਬੂ ਪਾਉਣਾ ਅਸਲ ਵਿੱਚ ਇੱਕ ਕਲਾ ਹੈ। 'ਗੁੱਸਾ' ਸ਼ਬਦ ਬੋਲਣ ਅਤੇ ਲਿਖਣ ਵਿੱਚ ਭਾਵੇਂ ਬਹੁਤ ਛੋਟਾ ਹੈ ਪਰ ਇੱਕ ਪਲ ਦਾ ਗੁੱਸਾ ਕਈ ਵਾਰ ਹੱਸਦੀਆਂ – ਖੇਡਦੀਆਂ ਜ਼ਿੰਦਗੀਆਂ ਤਬਾਹ ਕਰ ਦਿੰਦਾ ਹੈ। ਆਮ ਤੌਰ 'ਤੇ ਆਪਣਾ ਗੁੱਸਾ ਅਸੀਂ ਕੱਢਦੇ ਭਾਵੇਂ ਦੂਸਰੇ ਵਿਅਕਤੀ 'ਤੇ ਹਾਂ ਪਰ ਇਸਦਾ ਸਭ ਤੋਂ ਵੱਧ ਨੁਕਸਾਨ ਸਾਨੂੰ ਖੁਦ ਨੂੰ ਹੁੰਦਾ ਹੈ। ਸਾਲਾਂ ਦੀ ਮਿਹਨਤ ਨਾਲ ਕਮਾਏ ਰਿਸ਼ਤੇ ਕਈ ਵਾਰ ਪਲ ਭਰ ਦੇ ਗੁੱਸੇ ਦੀ ਭੇਂਟ ਚੜ੍ਹ ਜਾਂਦੇ ਹਨ। ਗੁੱਸਾ ਅਕਸਰ ਉਸ ਇਨਸਾਨ ਨੂੰ ਵੱਧ ਆਉਂਦਾ ਹੈ ਜਿਸ ਅੰਦਰ ਗੱਲ ਸਹਿਣ ਦੀ ਸ਼ਕਤੀ ਘੱਟ ਹੋਵੇ। ਗੱਲ ਕਹਿਣ ਦੇ ਨਾਲ – ਨਾਲ ਜੇਕਰ ਗੱਲ ਸਹਿਣ ਦੀ ਸ਼ਕਤੀ ਵੀ ਸਾਡੇ ਅੰਦਰ ਆ ਜਾਵੇ ਤਾਂ ਸਾਡਾ ਗੁੱਸਾ ਆਪਣੇ ਆਪ ਕੰਟਰੋਲ ਹੋ ਜਾਵੇਗਾ।

ਅੱਜ ਜਿਸ ਤਰ੍ਹਾਂ ਦੇ ਮਾਹੌਲ ਵਿੱਚ ਅਸੀਂ ਵਿੱਚਰ ਰਹੇ ਹਾਂ, ਰਿਸ਼ਤਿਆਂ ਵਿੱਚ ਜਿਸ ਤਰ੍ਹਾਂ ਕੁੜੱਤਣ ਭਰੀ ਹੋਈ ਹੈ, ਈਰਖਾ ਤੇ ਹੰਕਾਰ ਜਿਸ ਤਰ੍ਹਾਂ ਸਾਡੇ 'ਤੇ ਭਾਰੂ ਹੈ ਅਜਿਹੇ ਵਿੱਚ ਗੁੱਸਾ ਆਉਣਾ ਸੁਭਾਵਿਕ ਹੈ ਪਰ ਸਾਨੂੰ ਇਹ ਸਮਝਣਾ ਪਵੇਗਾ ਕਿ ਇਸ ਨਫਰਤ ਅਤੇ ਸਾੜੇ ਵਿੱਚੋਂ ਸਾਨੂੰ ਕੁਝ ਨਹੀਂ ਲੱਭਣਾ। ਨਫ਼ਰਤ ਦੀ ਅੱਗ ਇਨਸਾਨ ਨੂੰ ਅੰਦਰੋਂ-ਅੰਦਰੀਂ ਖੋਖਲਾ ਕਰ ਦਿੰਦੀ ਹੈ। ਗੁੱਸਾ ਕਰਨ ਦੀ ਬਜਾਏ ਪਿਆਰ ਵੰਡੋ। ਕੁਦਰਤ ਦੀ ਬਣਾਈ ਹਰ ਸ਼ੈਅ ਖੂਬਸੂਰਤ ਹੈ, ਉਸਨੂੰ ਪਿਆਰ ਕਰੋ। ਜਦੋਂ ਕਦੇ ਗੁੱਸਾ ਆਵੇ ਗੱਲ ਕਹਿਣ ਤੋਂ ਪਹਿਲਾਂ ਥੋੜ੍ਹਾ ਰੁਕ ਜਾਉ, ਕਿਉਂਕਿ ਗੁੱਸੇ ਵਿੱਚ ਰਿਸ਼ਤੇ ਵਿਗੜਦੇ ਹਨ ਸੁਧਰਦੇ ਨਹੀਂ। ਗੁੱਸੇ ਵਿੱਚ ਜੋ ਗੱਲ ਸਾਨੂੰ ਬਹੁਤ ਵੱਡੀ ਲੱਗਦੀ ਹੈ ਗੁੱਸਾ ਸ਼ਾਤ ਹੋਣ ਤੋਂ ਬਾਅਦ ਉਹੀ ਗੱਲ ਮਾਮੂਲੀ ਲੱਗਣ ਲੱਗਦੀ ਹੈ। ਗੁੱਸਾ ਪਲ ਭਰ ਦਾ ਹੁੰਦਾ ਹੈ ਅਤੇ ਇਸਦੇ ਨਤੀਜੇ ਕਈ ਵਾਰ ਸਾਨੂੰ ਸਾਰੀ ਉਮਰ ਭੁਗਤਣੇ ਪੈਂਦੇ ਹਨ। ਇਸ ਲਈ ਕਦੇ ਵੀ ਗੁੱਸੇ ਨੂੰ ਵਧਾਓ ਨਾ ਸਗੋਂ ਸ਼ਾਤ ਕਰਨ ਦੀ ਕੋਸ਼ਿਸ਼ ਕਰੋ।

ਅਸਲ ਵਿੱਚ ਗੁੱਸਾ ਕਮਜ਼ੋਰੀ ਦੀ ਨਿਸ਼ਾਨੀ ਹੈ। ਸਾਡੀ ਹਾਉਮੈ ਹੀ ਸਾਡੇ ਗੁੱਸੇ ਦਾ ਕਾਰਨ ਬਣਦੀ ਹੈ। ਛੋਟੀ – ਛੋਟੀ ਗੱਲ 'ਤੇ ਗੁੱਸਾ ਕਰਨਾ ਕੋਈ ਸਮਝਦਾਰੀ ਨਹੀਂ ਸਗੋਂ ਬੁਜ਼ਦਿਲੀ ਹੁੰਦੀ ਹੈ। ਬਹਾਦਰ ਤਾਂ ਉਹ ਹੈ ਜੋ ਵੱਡੀ ਤੋਂ ਵੱਡੀ ਗੱਲ ਵੀ ਹੱਸ ਕੇ ਜ਼ਰ ਲਵੇ। ਗੁੱਸਾ ਕਰ ਆਪਣਾ ਮਨ ਅਸ਼ਾਂਤ ਕਰਨ ਦੀ ਬਜਾਏ ਖੁਦ ਨੂੰ ਸ਼ਾਂਤ ਰੱਖਣਾ ਹੀ ਸਮਝਦਾਰੀ ਹੈ ਕਿਉਂਕਿ ਗੁੱਸਾ ਮਾਨਸਿਕ ਅਤੇ ਸਰੀਰਕ ਸਿਹਤ ਦੋਹਾਂ 'ਤੇ ਹੀ ਮਾੜਾ ਪ੍ਰਭਾਵ ਪਾਉਂਦਾ ਹੈ। ਸਿਆਣੇ ਆਖਦੇ ਹਨ ਕਿ ਖੁਸ਼ੀ ਵਿੱਚ ਕਦੇ ਵੀ ਕੋਈ ਵਾਅਦਾ ਨਹੀਂ ਕਰਨਾ ਚਾਹੀਦਾ ਤੇ ਗੁੱਸੇ ਵਿੱਚ ਕਦੇ ਵੀ ਕੋਈ ਫੈਂਸਲਾ ਨਹੀਂ ਲੈਣਾ ਚਾਹੀਦਾ ਕਿਉਂਕਿ ਗੁੱਸਾ ਅਕਲ ਨੂੰ ਖਾ ਜਾਂਦਾ ਹੈ ਤੇ ਗੁੱਸੇ ਵਿੱਚ ਲਏ ਫੈਂਸਲੇ ਅਕਸਰ ਗਲਤ ਹੀ ਸਾਬਿਤ ਹੁੰਦੇ ਹਨ। ਗੁੱਸਾ ਬਰਬਾਦੀ ਦਾ ਹੀ ਦੂਸਰਾ ਨਾਮ ਹੈ। ਤਲਵਾਰ ਦੇ ਜਖਮ ਤਾਂ ਸਮੇਂ ਦੇ ਨਾਲ ਭਰ ਜਾਂਦੇ ਹਨ ਪਰ ਗੁੱਸੇ ਵਿੱਚ ਜਦੋਂ ਅਸੀਂ ਕਿਸੇ ਨੂੰ ਮੰਦਾ ਬੋਲਦੇ ਹਾਂ ਤਾਂ ਜੁਬਾਨ ਦੇ ਦਿੱਤੇ ਉਹ ਜ਼ਖਮ ਕਦੇ ਨਹੀਂ ਭਰਦੇ।



ਜ਼ਿੰਦਗੀ ਵਿੱਚ ਹਮੇਸ਼ਾ ਖੁਸ਼ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਕਿਸੇ ਇਨਸਾਨ 'ਤੇ ਗੁੱਸਾ ਆਵੇ ਵੀ ਤਾਂ ਇੱਕ ਵਾਰ ਆਪਣੇ ਆਪ ਨੂੰ ਉਸਦੀ ਜਗ੍ਹਾ ਰੱਖ ਕੇ ਜਰੂਰ ਸੋਚੋ ਕਿਉਂਕਿ ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਜੋ ਸਾਡੇ ਅਨਕੂਲ ਨਹੀਂ ਹੁੰਦੇ ਪਰ ਇਸਦਾ ਮਤਲਬ ਇਹ ਨਹੀਂ ਕਿ ਸਾਹਮਣੇ ਵਾਲਾ ਇਨਸਾਨ ਗਲਤ ਹੋਵੇ। ਹਰੇਕ ਚੀਜ਼ ਪ੍ਰਤੀ ਸਭ ਦਾ ਵੱਖਰਾ – ਵੱਖਰਾ ਨਜ਼ਰੀਆ ਹੁੰਦਾ ਹੈ ਇਸ ਲਈ ਆਪਣੇ ਨਾਲ – ਨਾਲ ਜੇਕਰ ਸਾਨੂੰ ਦੂਸਰੇ ਦੇ ਵਿਚਾਰਾਂ ਦੀ ਕਦਰ ਕਰਨੀ ਵੀ ਆ ਜਾਵੇ ਤਾਂ ਕਾਫੀ ਹੱਦ ਤੱਕ ਗੁੱਸੇ 'ਤੇ ਕਾਬੂ ਪਾਇਆ ਜਾ ਸਕਦਾ ਹੈ। ਜ਼ਿੰਦਗੀ ਚਾਰ ਦਿਨ ਦੀ ਹੈ ਇਸਨੂੰ ਗੁੱਸੇ ਦੀ ਅੱਗ ਵਿੱਚ ਸਾੜਨ ਦੀ ਬਜਾਏ ਖੁਸ਼ੀਆਂ – ਖੇੜੇ ਵੰਡਦੇ ਹੋਏ ਬਿਤਾਓ। ਜ਼ਿੰਦਗੀ ਵਿੱਚ ਪਿਆਰ ਮੁਹੱਬਤ ਦਾ ਅਜਿਹਾ ਰੰਗ ਭਰੋ ਕਿ ਦੁਨੀਆਂ ਤੋਂ ਰੁਖਸਤ ਹੋਣ ਤੋਂ ਬਾਅਦ ਵੀ ਤੁਸੀਂ ਦੂਸਰਿਆਂ ਦੀਆਂ ਖੂਬਸੂਰਤ ਯਾਦਾਂ ਵਿੱਚ ਹਮੇਸ਼ਾਂ ਜਿਉਂਦੇ ਰਹੋ।



ਜਸਪ੍ਰੀਤ ਕੌਰ ਸੰਘਾ
99150-33176

# ਸੱਥ 'ਚ ਬਹਿ ਕੇ ਹਾਸਾ ਠੱਠਾ....!



ਹਰਪ੍ਰੀਤ ਕੌਰ ਸੰਧੂ

ਅਸੀਂ ਗੱਲਬਾਤ ਕਰਨਾ ਬੰਦ ਕਰ ਦਿੱਤਾ ਹੈ। ਗੱਲਬਾਤ ਜੋ ਸਾਡੇ ਲਈ ਬਹੁਤ ਜ਼ਰੂਰੀ ਹੁੰਦੀ ਸੀ। ਵਿਹਲੀਆਂ ਗੱਲਾਂ ਤਾਂ ਕਰਦੇ ਹੀ ਨਹੀਂ। ਇਹ ਇੱਕ ਤਰ੍ਹਾਂ ਦਾ ਕਥਾਰਸਿਸ ਹੁੰਦਾ ਸੀ। ਸੱਥ ਵਿੱਚ ਬਹਿ ਕੇ ਹਾਸਾ ਠੱਠਾ ਕਰਨਾ ਅਤੇ ਨਾਲ ਹੀ ਸੰਜੀਦਾ ਗੱਲਾਂ ਵੀ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਸੀ। ਮਰਦ ਜੇਕਰ ਸੱਥ ਵਿੱਚ ਬੈਠਦਾ ਸੀ ਤਾਂ ਔਰਤਾਂ ਇਕੱਠੀਆਂ ਹੋ ਕੇ ਵਿਹੜੇ ਵਿੱਚ ਬਹਿ ਕੇ ਗੱਲਾਂ ਕਰਦੀਆਂ ਸੀ।



ਇਹ ਵਰਤਾਰਾ ਅੱਜ ਸਾਨੂੰ ਫਜ਼ੂਲ ਲੱਗਦਾ ਹੈ। ਅਸੀਂ ਇਸ ਸਮੇਂ ਦੀ ਬਰਬਾਦੀ ਕਹਿੰਦੇ ਹਾਂ। ਪਰ ਮਨੋਵਿਗਿਆਨਕ ਤੌਰ ਤੇ ਇਸ ਦਾ ਕਿੰਨਾ ਅਸਰ ਸੀ ਇਹ ਭੁੱਲ ਰਹੇ ਹਾਂ। ਜਿੱਥੇ ਇਨ੍ਹਾਂ ਗੱਲਾਂ ਨਾਲ ਮਨ ਹਲਕਾ ਹੁੰਦਾ ਸੀ ਉੱਥੇ ਆਪਸੀ ਸਬੰਧ ਵੀ ਮਜ਼ਬੂਤ ਹੁੰਦੇ ਸਨ। ਸਾਨੂੰ ਇੱਕ ਦੂਜੇ ਦੇ ਸੁੱਖ ਦੁੱਖ ਬਾਰੇ ਪਤਾ ਹੁੰਦਾ ਸੀ। ਅਸੀਂ ਸੁੱਖ ਦੁੱਖ ਵਿੱਚ ਭਾਈਵਾਲ ਬਣਦੇ ਸੀ। ਇਸ ਤਰ੍ਹਾਂ ਸਾਡੀ ਸਾਂਝ ਹੋਰ ਗੂੜ੍ਹੀ ਹੁੰਦੀ ਸੀ।

ਅੱਜ ਤਰੱਕੀ ਦੇ ਘੋੜੇ ਤੇ ਬੈਠਾ ਮਨੁੱਖ ਇਸ ਨੂੰ ਗੌਸਿਪ ਕਹਿੰਦਾ ਹੈ। ਵੱਡੀਆਂ ਵੱਡੀਆਂ ਗੱਲਾਂ ਕਰਨੀਆਂ ਉਸ ਨੂੰ ਸਮਝਦਾਰੀ ਪ੍ਰਤੀਤ ਹੁੰਦੀਆਂ ਹਨ। ਕੋਈ ਸ਼ੱਕ ਨਹੀਂ ਕਿ ਸੰਜੀਦਾ ਗੱਲਾਂ ਕਰਨੀਆਂ ਵੀ ਜ਼ਰੂਰੀ ਹਨ। ਪਰ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿੱਚ ਉਸ ਨੂੰ ਹਲਕੀਆਂ ਫੁਲਕੀਆਂ ਤੇ ਛੋਟੀਆਂ ਛੋਟੀਆਂ ਗੱਲਾਂ ਸਾਂਝੀਆਂ ਕਰਨ ਦੀ ਲੋੜ ਪੈਂਦੀ ਹੈ। ਇਹ ਬਹੁਤ ਜ਼ਰੂਰੀ ਵੀ ਹੈ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ।

ਦੁੱਖ ਸੁੱਖ ਸਾਂਝੇ ਕਰਨੇ ਬੜੇ ਜ਼ਰੂਰੀ ਹਨ। ਦੁੱਖ ਸਾਂਝਾ ਕੀਤਾ ਘਟ ਜਾਂਦਾ ਹੈ ਅਤੇ ਸੁੱਖ ਸਾਂਝਾ ਕੀਤਿਆਂ ਵਧ ਜਾਂਦਾ ਹੈ। ਗੱਲਬਾਤ ਦੀ ਇਹ ਤੰਦ ਜੋ ਟੁੱਟ ਗਈ ਹੈ ਅੱਜ ਮਾਨਸਿਕ ਰੋਗਾਂ ਦੀ ਜੜ੍ਹ ਬਣ ਰਹੀ ਹੈ। ਹਰ ਕੋਈ ਚੁੱਪਚਾਪ ਇਕੱਲਾ ਰਹਿਣਾ ਪਸੰਦ ਕਰਦਾ ਹੈ।

ਸਮਾਜ ਨਾਲੋਂ ਟੁੱਟ ਕੇ ਸਾਡੀ ਸਾਂਝ ਇਲੈਕਟ੍ਰੋਨਿਕ ਗੈਜੇਟ ਨਾਲ ਬਣ ਗਈ ਹੈ। ਜੇ ਕੋਈ ਇਕੱਲਾ ਬੈਠਾ ਹੈ ਤਾਂ ਉਹ ਇਕੱਲਾ ਨਹੀਂ ਹੈ ਉਸ ਨਾਲ ਉਸ ਦਾ ਮੋਬਾਈਲ ਜਾਂ ਲੈਪਟਾਪ ਹੈ। ਹੈਰਾਨੀ ਦੀ ਗੱਲ ਹੈ ਅਸੀਂ ਨਾਲ ਬੈਠੇ ਬੰਦੇ ਨਾਲ ਗੱਲ ਨਹੀਂ ਕਰ ਸਕਦੇ ਪਰ ਮੋਬਾਈਲ ਤੇ ਚੈਟ ਕਰਦੇ ਹਾਂ। ਬੋਲ ਕੇ ਕੀਤੀ ਗੱਲ ਵਿੱਚ ਸਾਡੇ ਬੋਲਣ ਦਾ ਢੰਗ, ਲਹਿਜ਼ਾ ਗੱਲ ਨੂੰ ਸਪਸ਼ਟ ਕਰ ਦਿੰਦਾ ਹੈ। ਲਿਖ ਕੇ ਕੀਤੀ ਚੈਟ ਵਿੱਚ ਸਾਹਮਣੇ ਵਾਲਾ ਆਪਣੇ ਮਨ ਮੁਤਾਬਿਕ ਉਸ ਗੱਲ ਨੂੰ ਸਮਝਦਾ ਹੈ। ਰਿਸ਼ਤਿਆਂ ਵਿੱਚ ਪੈ ਰਹੀਆਂ ਤਰੇੜਾਂ ਦਾ ਇਹ ਵੀ ਇੱਕ ਕਾਰਨ ਹੈ।

ਕਹਿਣ ਵਾਲਾ ਕਿਸੇ ਹੋਰ ਲਹਿਜ਼ੇ ਵਿੱਚ ਗੱਲ ਕਰਨਾ ਚਾਹੁੰਦਾ ਹੈ ਪਰ ਜਦੋਂ ਲਿਖੀ ਜਾਂਦੀ ਹੈ ਤਾਂ ਸਪਾਟ ਹੁੰਦੀ ਹੈ। ਇਸ ਤਰ੍ਹਾਂ ਪੜ੍ਹਨ ਵਾਲਾ ਉਸ ਨੂੰ ਆਪਣੇ ਅਨੁਸਾਰ ਪੜ੍ਹਦਾ ਹੈ। ਜ਼ਿਆਦਾਤਰ ਮਨ ਮੁਟਾਵ ਦਾ ਕਾਰਨ ਇਹੀ ਬਣਦਾ ਹੈ। ਅੱਜਕੱਲ੍ਹ ਲੋਕ ਫੋਨ ਤੇ ਵੀ ਗੱਲਬਾਤ ਨਹੀਂ ਕਰਦੇ ਬਸ ਲਿਖ ਕੇ ਇਕ ਮੈਸੇਜ ਛੱਡ ਦਿੰਦੇ ਹਨ।

ਅੱਜ ਖ਼ੁਸ਼ੀ ਹੋਵੇ ਜਾਂ ਗਮ ਇਕ ਲਿਖਤੀ ਮੈਸਿਜ ਨਾਲ ਕਹਾਣੀ ਖ਼ਤਮ ਹੋ ਜਾਂਦੀ ਹੈ। ਗੱਲਬਾਤ ਕਰਨ ਨਾਲ ਮਨ ਹਲਕਾ ਹੁੰਦਾ ਹੈ। ਮਨ ਤੋਂ ਬਹੁਤ ਸਾਰਾ ਬੋਝ ਲਹਿ ਜਾਂਦਾ ਹੈ। ਲਿਖ ਕੇ ਕੀਤੀ ਗੱਲ ਨਾਲ ਮਨ ਹੋਰ ਭਾਰਾ ਹੋ ਜਾਂਦਾ ਹੈ। ਜਦੋਂ ਅਸੀਂ ਸਾਹਮਣੇ ਬੈਠ ਕੇ ਗੱਲ ਕਰਦੇ ਹਾਂ ਤਾਂ ਦੂਜਾ ਬੰਦਾ ਵੀ ਜਵਾਬ ਦਿੰਦਾ ਹੈ। ਮੈਸੇਜ ਦਾ ਇੱਕ ਅਲੱਗ ਹੀ ਸਿਰਦਰਦੀ ਹੈ। ਪਹਿਲਾ ਫ਼ਿਕਰ ਪੜ੍ਹਿਆ ਨਹੀਂ, ਫੇਰ ਫ਼ਿਕਰ ਜਵਾਬ ਨਹੀਂ ਦਿੱਤਾ। ਜੇਕਰ ਪੜ੍ਹਨ ਵਾਲਾ ਕਿਤੇ ਵਿਅਸਤ ਹੋਵੇ ਜੇ ਕੁਝ ਦੇਰ ਜਵਾਬ ਨਾ ਦੇਵੇ ਤਾਂ ਅਸੀਂ ਆਪ ਹੀ ਸੋਚ ਲੈਂਦੇ ਹਾਂ ਕਿਸੇ ਨੂੰ ਅਣਗੌਲਿਆਂ ਕਰ ਰਿਹਾ ਹੈ।

ਅਸਲ ਵਿਚ ਗੱਲਬਾਤ ਛੱਡ ਕੇ ਜਿਸ ਰਾਹ ਅਸੀਂ ਤੁਰ ਪਏ ਹਾਂ ਉੱਥੇ ਸਵਾਲ ਵੀ ਸਾਡੇ ਹਨ ਤੇ ਜੁਆਬ ਵੀ ਸਾਡੇ। ਪਹਿਲਾਂ ਤੋਂ ਹੀ ਉਲਝਣਾਂ ਵਿੱਚ ਉਲਝਿਆ ਮਨੁੱਖ ਇਕੱਲਤਾ ਵਿੱਚ ਰਹਿ ਕੇ ਹੋਰ ਪਰੇਸ਼ਾਨ ਹੋ ਰਿਹਾ ਹੈ।

ਖ਼ੁਦਕੁਸ਼ੀਆਂ ਦਾ ਵਧ ਰਿਹਾ ਰੁਝਾਨ ਇਸ ਗੱਲ ਦਾ ਸਬੂਤ ਹੈ ਕੀ ਅਸੀਂ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਾਂ। ਅੱਜ ਜੇਕਰ ਕੋਈ ਗੱਲਬਾਤ ਕਰਨਾ ਵੀ ਚਾਹੁੰਦਾ ਹੈ ਤਾਂ ਉਸ ਨੂੰ ਇਹ ਕਹਿ ਕੇ ਨਿੰਦ ਦਿੱਤਾ ਜਾਂਦਾ ਹੈ ਕੀ ਉਹ ਗੌਸਿਪ ਕਰ ਰਿਹਾ ਹੈ। ਵਿਹਲੀਆਂ ਗੱਲਾਂ ਜੋ ਅੰਗਰੇਜ਼ੀ ਵਿੱਚ ਗੌਸਿਪ ਕਹਾਉਂਦੀਆਂ ਹਨ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ।

ਇਹ ਗੱਲਾਂ ਸਾਡੇ ਮਨ ਦਾ ਬਹੁਤ ਸਾਰਾ ਬੋਝ ਲਾਹ ਦਿੰਦੀਆਂ ਹਨ। ਸਾਨੂੰ ਦੂਜਿਆਂ ਨਾਲ ਜੋੜਦੀਆਂ ਹਨ। ਅਪਣੱਤ ਦੀ ਭਾਵਨਾ ਨੂੰ ਵਧਾਉਂਦੀਆਂ ਹਨ ਜੋ ਕਿ ਮਨੁੱਖ ਲਈ ਸੁਰੱਖਿਆ ਦੀ ਭਾਵਨਾ ਬਣਦੀ ਹੈ। ਵਿਦੇਸ਼ ਵਿੱਚ ਇਕੱਲਾਪਣ ਇੱਕ ਮਾਰੂ ਰੋਗ ਸਾਬਤ ਹੋ ਰਿਹਾ ਹੈ ਅਤੇ ਹੌਲੀ ਹੌਲੀ ਇਹ ਭਾਰਤ ਵਿੱਚ ਵੀ ਪੈਰ ਪਸਾਰ ਰਿਹਾ ਹੈ। ਸਾਨੂੰ ਇਸ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

ਕਦੀ ਆਪਣੇ ਦੋਸਤਾਂ ਕੋਲ ਬਿਨਾਂ ਕਿਸੇ ਵਜ੍ਹਾ ਜਾਓ। ਕਦੀ ਕੋਈ ਫੋਨ ਬਿਨਾਂ ਕਿਸੇ ਵਜ੍ਹਾ ਕਰੋ। ਇੱਧਰ ਉੱਧਰ ਦੀਆਂ ਹਲਕੀਆਂ ਫੁਲਕੀਆਂ ਗੱਲਾਂ ਕਰੋ। ਮਜ਼ਾਹੀਆ ਲਹਿਜ਼ੇ ਵਿੱਚ ਗੱਲਾਂ ਕਰੋ। ਜ਼ਿੰਦਗੀ ਖੁਸ਼ਗਵਾਰ ਲੱਗੇਗੀ। ਮਨੁੱਖੀ ਜੀਵਨ ਵਿੱਚੋਂ ਜੇਕਰ ਗੱਲਬਾਤ ਨੂੰ ਕੱਢ ਦਿੱਤਾ ਜਾਵੇ ਤਾਂ ਕੁਝ ਬਚਦਾ ਹੀ ਨਹੀਂ।

ਬਹੁਤ ਜ਼ਰੂਰੀ ਹੈ ਕਿਸੇ ਗੱਲਬਾਤ ਨੂੰ ਬਚਾ ਲਈਏ ਇਸ ਤਰੀਕੇ ਨਾਲ ਆਪਣੇ ਆਪ ਨੂੰ ਵੀ ਬਚਾ ਲਵਾਂਗੇ।

# ਸਹੂਲਤਾਵਾਂ ਦੇ ਬਾਵਜੂਦ ਵੀ ਮਾਨਸਿਕ ਤੌਰ 'ਤੇ ਖੁਸ਼ ਨਹੀਂ ਹੈ ਅਧੁਨਿਕ ਮਨੁੱਖ

ਸੁਖਮੰਦਰ ਸਿੰਘ ਤੂਰ

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅੱਜ ਅਸੀਂ ਪਹਿਲਾਂ ਨਾਲੋਂ ਵੱਧ ਸਹੂਲਤਾਂ ਨਾਲ ਲੈਸ ਜੀਵਨ ਬਿਤਾਅ ਰਹੇ ਹਾਂ ਅਤੇ ਆਰਥਿਕ ਪੱਖੋਂ ਵੀ ਪਹਿਲਾਂ ਨਾਲੋਂ ਖੁਸ਼ਹਾਲ ਹੋਏ ਹਾਂ, ਪਰ ਅਸੀਂ ਪਹਿਲਾਂ ਨਾਲੋਂ ਵੱਧ ਖੁਸ਼ ਜਾਂ ਸੰਤੁਸ਼ਟ ਜੀਵਨ ਨਹੀਂ ਭੋਗ ਰਹੇ। ਵਿਸ਼ਵ ਸਿਹਤ ਸੰਸਥਾ ਅਨੁਸਾਰ ਸੰਸਾਰ ਭਰ ਵਿਚ 35 ਤੋਂ 40 ਕਰੋੜ ਤੋਂ ਵਧੇਰੇ ਲੋਕ ਮਨ ਦੀ ਉਦਾਸ ਅਵਸਥਾ ਨਾਲ ਜੂਝ ਰਹੇ ਹਨ, ਜਦ ਕਿ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਖੁਸ਼ੀ ਪ੍ਰਾਪਤ ਕਰਨ ਦੇ ਸਾਧਨਾਂ ਦੀ ਸਮਝ ਨਹੀਂ। ਬਹੁਤੇ ਅੱਜ ਵੀ ਕੇਵਲ ਆਰਥਿਕ ਖੁਸ਼ਹਾਲੀ ਨੂੰ ਹੀ ਖੁਸ਼ ਰਹਿਣ ਦਾ ਸਾਧਨ ਸਮਝ ਰਹੇ ਹਨ। ਕਈ ਕੌਮਾਂ ਦੀ ਆਰਥਿਕ ਸਥਿਤੀ ਬੀਤਦੇ ਸਮੇਂ ਨਾਲ ਸੁਧਰਦੀ ਰਹੀ ਹੈ। ਇਸੇ ਅਨੁਪਾਤ ਨਾਲ ਕੀ ਉਨ੍ਹਾਂ ਦੀਆਂ ਖੁਸ਼ੀਆਂ 'ਚ ਉਛਾਲ ਆਇਆ ਹੈ?, ਅਜਿਹਾ ਲੱਗ ਨਹੀਂ ਰਿਹਾ। ਜਿਵੇਂ – ਜਿਵੇਂ ਮਨੁੱਖੀ ਵਸੋਂ ਵਧ ਰਹੀ ਹੈ, ਤਿਵੇਂ – ਤਿਵੇਂ ਜੀਵਨ ਨੂੰ ਮਧੋਲ ਰਹੀਆਂ ਸਥਿਤੀਆਂ ਦੀ ਸੂਚੀ ਲੰਬੇਰੀ ਹੁੰਦੀ ਜਾ ਰਹੀ ਹੈ।



ਇਕ ਸਮਾਂ ਸੀ ਜਦੋਂ ਮਨੁੱਖ ਅੱਜ ਨਾਲੋਂ ਵੱਧ ਸੰਤੁਸ਼ਟ ਜੀਵਨ ਬਤੀਤ ਕਰ ਰਿਹਾ ਸੀ, ਹਾਲਾਂਕਿ ਉਸ ਕੋਲ ਕੁਝ ਵੀ ਨਹੀਂ ਸੀ, ਸਿਵਾਏ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਦੇ। ਸ਼ਿਕਾਰ ਕਰਕੇ ਜਦ ਮਨੁੱਖ ਆਪਣੇ ਟਿਕਾਣੇ 'ਤੇ ਪਰਤਦਾ ਸੀ, ਤਦ ਉਹ ਥਕਾਨ/ਥਕਾਵਟ ਨਾਲ ਚੂਰ ਅਤੇ ਭੁੱਖ ਨਾਲ ਨਿਢਾਲ ਹੁੰਦਾ ਸੀ। ਉਸ ਦੇ ਥੱਕੇ ਸਰੀਰ ਨੂੰ ਜਦ ਆਰਾਮ ਮਿਲਦਾ ਅਤੇ ਖਾਣ ਲਈ ਸ਼ਿਕਾਰ ਕੀਤੇ ਭੁੰਨੇ ਜਾਨਵਰ ਦਾ ਮਾਸ, ਤਾਂ ਉਹ ਖੁਸ਼ੀ 'ਚ ਖੀਵਾ ਹੋਇਆ ਨੱਚ ਉੱਠਦਾ। ਇਹੀ ਖੁਸ਼ੀ ਉਸ ਲਈ ਸਭ ਤੋਂ ਵੱਡੀ ਖੁਸ਼ੀ ਹੁੰਦੀ ਸੀ। ਅੱਜ, ਅਜਿਹੇ ਅਨੁਭਵ ਦੇ ਅਧਿਕਾਰੀ ਮਿਹਨਤ ਮੁਸ਼ੱਕਤ ਕਰ ਰਹੇ ਕਾਮੇ – ਕਿਸਾਨ ਅਤੇ ਕਿਰਤੀ ਲੋਕ ਵੀ ਨਹੀਂ ਜਿਨ੍ਹਾਂ ਨੂੰ ਥੱਕ – ਟੁੱਟ ਕੇ ਵੀ ਮਨਭਾਉਂਦਾ ਪੇਟ ਭਰ ਕੇ ਖਾਣ ਨੂੰ ਨਹੀਂ ਮਿਲ ਰਿਹਾ, ਦੂਜੇ ਪਾਸੇ ਉਦਯੋਗਪਤੀ, ਸੇਠ, ਸਿਆਸਤਦਾਨ ਅਤੇ ਅਫਸਰ ਲੋਕ, ਜਿਨ੍ਹਾਂ ਕੋਲ ਬਹੁਤ ਕੁਝ ਹੈ, ਪਰ ਇਹ ਵੀ ਅਜਿਹੇ ਅਨੁਭਵ ਤੋਂ ਸੱਖਣੇ ਹਨ।

ਮਨੋਵਿਗਿਆਨਕਾਂ ਦੇ ਅਨੁਸਾਰ ਖੁਸ਼ੀ ਹਾਸਲ ਕਰਨ ਲਈ ਆਦਮੀ ਨੂੰ ਵਿਆਪਕ ਸਥਿਤੀ ਅਨੁਕੂਲ ਰਾਹ ਚੁਣਨ ਦੀ ਲੋੜ ਹੁੰਦੀ ਹੈ। ਲੋੜਵੰਦ ਵਿਅਕਤੀ ਨੂੰ ਜੇਕਰ ਕਿਧਰੋਂ ਦੌਲਤ ਨਸੀਬ ਹੋ ਜਾਵੇ, ਉਸ ਨੂੰ ਇਸ ਕਾਰਨ ਖੁਸ਼ੀ ਮਿਲੇਗੀ ਹੀ ਮਿਲੇਗੀ, ਜਿਨ੍ਹਾਂ ਕੋਲ ਪਹਿਲਾਂ ਹੀ ਬਹੁਤ ਕੁਝ ਹੈ, ਉਨ੍ਹਾਂ ਦੇ ਖਾਤੇ 'ਚ ਵਾਧਾ ਉਨ੍ਹਾਂ ਲਈ ਖੁਸ਼ੀ ਦਾ ਕਾਰਨ ਕੀ ਬਣਨਾ ਹੋਇਆ। ਪ੍ਰਸਿੱਧ ਵਿਚਾਰਵਾਨ ਬਰਟਰੰਡ ਰਸਲ ਨੇ ਇਸ ਸਥਿਤੀ ਦਾ ਇਸ ਢੰਗ ਨਾਲ ਖੁਲਾਸਾ ਕੀਤਾ ਹੈ ਕਿ ਜਦ ਮੈਂ ਵਿਚਾਰਵਾਨ ਜਾਂ ਸੰਤ-ਮਹਾਂਪੁਰਸ਼ ਨਾਲ ਖੁਸ਼ੀ ਪ੍ਰਾਪਤ ਕਰਨ ਬਾਰੇ ਚਰਚਾ ਕਰਦਾ ਹਾਂ ਤਦ ਲੱਗਦਾ ਹੈ ਕਿ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ, ਪਰ ਜਦ ਮੈਂ ਕਿਸੇ ਮਾਲੀ ਨੂੰ ਬਗੀਚੇ 'ਚ ਰੁਝਿਆ ਵੇਖਦਾ ਹਾਂ, ਤਦ ਇਹ ਸਹਿਲ ਪ੍ਰਾਪਤ ਹੋਣ ਯੋਗ ਅਨੁਭਵ ਲੱਗਣ ਲੱਗਦਾ ਹੈ, ਵਿਸ਼ਵ ਪ੍ਰਸਿੱਧ ਮਨੋਵਿਗਿਆਨਕ ਜਾਰਜ਼ ਬਰਨਾਰਡ ਸ਼ਾਅ ਤੋਂ ਇਕ ਵਿਅਕਤੀ ਨੇ ਪੁੱਛਿਆ, "ਕੀ ਤੁਸੀਂ ਆਪਣੇ ਜੀਵਨ ਤੋਂ ਖੁਸ਼ ਹੋ," ਤਾਂ ਬਰਨਾਰਡ ਸ਼ਾਅ ਦਾ ਉੱਤਰ ਸੀ, "ਮੈਂ ਇੰਨਾ ਰੁੱਝਿਆ ਰਹਿੰਦਾ ਹਾਂ ਕਿ ਮੈਨੂੰ ਇਹ ਸੋਚਣ ਦੀ ਵੀ ਫੁਰਸਤ ਨਹੀਂ ਕਿ ਮੈਂ ਖੁਸ਼ ਹਾਂ ਜਾਂ ਨਹੀਂ।"

ਮੁੱਕਦੀ ਗੱਲ ਇਹ ਹੈ ਕਿ ਖੁਸ਼ ਜੀਵਨ ਬਤੀਤ ਕਰਨ ਲਈ ਅਰੋਗਤਾ ਅਤੇ ਰੁਝੇਵਾਂ ਬਹੁਤ ਜ਼ਰੂਰੀ ਹੈ। ਅਰੋਗ ਅਤੇ ਵਿਹਲੇ ਰਹਿਣ ਵਾਲੇ ਲੋਕ ਕਦੀ ਵੀ ਸੰਤੁਸ਼ਟ ਅਤੇ ਖੁਸ਼ ਜੀਵਨ ਨਹੀਂ ਭੋਗ ਸਕਦੇ। ਇੱਥੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪਰਿਵਾਰ 'ਚ ਨਿੱਘੇ ਵਾਤਾਵਰਣ ਦਾ ਬਣਿਆ ਰਹਿਣਾ ਮਨ ਦੀ ਸ਼ਾਂਤੀ ਅਤੇ ਖੁਸ਼ੀ ਲਈ ਜ਼ਰੂਰੀ ਹੈ। ਜੀਵਨ ਭਰ ਲਈ ਹਮਦਰਦ ਸਾਥ ਦੇ ਮਿਲ ਜਾਣਾ ਵੱਖਰੀ ਤਰ੍ਹਾਂ ਦਾ ਅਨੰਦ ਪ੍ਰਾਪਤ ਹੁੰਦਾ ਹੈ।

## – ਕਵਿਤਾ –

# ਛੱਡ ਦੇ ਲਿਖਣਾ

ਕਦੇ ਕਿਸੇ ਨੂੰ ਦਿਲ ਦਾ ਹਾਲ,

ਸੁਣਾਇਆ ਨਾ ਗਿਆ।
ਤਾਹੀਂ ਅੰਦਰੋਂ ਅੰਦਰੀਂ ਮਰਨੋਂ ਖ਼ੁਦ ਨੂੰ,
ਬਚਾਇਆ ਨਾ ਗਿਆ।

ਦੱਸਿਆ ਸੀ ਪਹਿਲਾਂ ਵੀ ਜਿਸ ਜਿਸ ਨੂੰ,
ਓਸੇ ਨੇ ਹੀ ਖਿਲਾਰਾ ਪਾਇਆ ਸੀ।
ਹੱਲ ਕਰਨ ਦੀ ਥਾਂ ਉਨ੍ਹਾਂ ਮਸਲਾ,
ਮਸਲਾ ਹੋਰ ਉਲਝਾਇਆ ਸੀ।

ਨਾ ਰੱਖੀ ਉਨ੍ਹਾਂ ਸੁਣ ਮੇਰੀ ਦਿਲ ਚ,
ਨਾ ਹੱਥ ਮੇਰੇ ਨਾਲ ਮਿਲਾਇਆ ਸੀ।
ਸ਼ਾਇਦ ਰਹਿਣਾ ਚਾਹੁੰਦੇ ਸੀ ਦੂਰ ਹੀ,
ਤਾਹੀਂ ਕਦੇ ,ਨਾ ਗਲੇ ਲਾਇਆ ਸੀ।
ਨਹੀਂ
ਨਾ ਰਿਹਾ ਵਿਸ਼ਵਾਸ ਹੁਣ, ਕਿਸੇ ਵੀ ਇਨਸਾਨ ਤੇ,
ਤਾਂ ਦੁੱਖ ਦਰਦ ਖਾ, ਹੰਝੂ ਪੀ ਘੁੱਟ ਘੁੱਟ ਜੀ ਰਿਹਾ।
ਦਿਲ ਕਰੇ ਕਦੇ ਕਦੇ ਕਈ ਵਾਰ ਖੁਦਕੁਸ਼ੀ ਨੂੰ,
ਸੋਚਾਂ ਹੁਣ ਮੇਰੇ ਲਈ ਇੱਥੇ ਕੀ ਕੀ ਰਿਹਾ।

ਦਿਲ ਦਫ਼ਨ ਦੁੱਖਾਂ ਦਰਦਾਂ ਵਿੱਚੋਂ ਕੁਝ ਕੁਝ,
ਲਿਖ ਗਾ ਬਾਹਰ ਨਿੱਤ ਲਿਆ ਰਿਹਾ।
ਕਈ ਕਹਿੰਦੇ ਰਹਿੰਦੇ ਛੱਡਦੇ ਲਿਖਣਾ ਸੰਗਰੂਰਵੀ,
ਲਿਖਿਆ ਤੇਰਾ ਨਾ ਸਮਝ ਕਿਸੇ ਨੂੰ ਆ ਰਿਹਾ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

## ਭਾਗ–17

# ਤਸਵੀਰ ਜ਼ਿੰਦਗੀ ਦੀ...

ਅਗਲੀ ਸਵੇਰ ਸੀਤੋ ਨੇ ਨਾਨਕ ਨੂੰ ਸਮਝਾ ਕੇ ਵੀਰਪਾਲ ਕੋਲ ਮੁਆਫ਼ੀ ਮੰਗਣ ਲਈ ਭੇਜਿਆ.... ਪਹਿਲਾਂ ਤਾਂ ਉਹ ਨਾ ਨੁਕਰ ਕਰਦਾ ਸੀ,"ਮੈਂ ਨਹੀ ਜਾਣਾ, ਮੈਂ ਕੀਤਾ ਹੀ ਕੀ ਹੈ..... ਐਵੇਂ ਮਾਂ ਹੀ ਬੋਲੀ ਗਈ ਹੈਂ...... ਜਦੋਂ ਮੈਂ ਕੁਝ ਕੀਤਾ ਨਹੀਂ ਤਾਂ ਮੁਆਫ਼ੀ ਕਾਹਦੀ ,ਮੈਂ ਤਾਂ ਨਹੀਂ ਮੰਗਣੀ।"

ਪਰ ਸੀਤੋ ਨੇ ਆਪਣੀ ਸਹੁੰ ਦੇ ਕਿ ਭੇਜ ਦਿੱਤਾ।

"ਮਾਂ ਮੈਨੂੰ ਮੁਆਫ਼ ਕਰਦੇ ਮੇਰੀ ਤੋ ਗਲਤੀ ਹੋ ਗਈ... ਅੱਗੇ ਤੋਂ ਅਜਿਹਾ ਨਹੀਂ ਕਰਾਂਗਾ।"

(ਹੰਝੂ ਵਹਾਉਣ ਲੱਗ ਗਿਆ)

"ਨਾਨਕਾ ਕਿੰਨੀ ਵਾਰ ਇਹ ਹੋਰ ਮਗਰਮੱਛੀ ਹੰਝੂ ਵਹਾਏਗਾਂ.... ਮੇਰੇ ਤੋਂ ਮੁਆਫ਼ੀ ਮੰਗਣ ਦੀ ਕੋਈ ਲੋੜ ਨਹੀਂ, ਜੇ ਇੰਝ ਹੀ ਕਰਨਾ ਹੈ ਤਾਂ ਤੂੰ ਸਮਝ ਲੈ ,ਤੇਰੀ ਮਾਂ ਵੀ ਮਰ ਗਈ ਹੈਂ... ਇਹ ਡਰਾਮੇ ਤਾਂ ਮੇਰੇ ਸਾਹਮਣੇ ਤੂੰ ਨਾ ਹੀ ਕਰੇ ਤਾਂ ਚੰਗਾ ਹੀ ਹੋਵੇਗਾ।"

"ਬੇਬੇ ਆ ਮੁਆਫ਼ੀ ਮੰਗਣਾ ਵੀ ਮਾਂ ਨੂੰ ਤਾਂ ਡਰਾਮਾ ਲੱਗਦਾ ਹੈ ਤੇ ਮੈਨੂੰ ਮਾਫ਼ੀ ਦੇਣ ਦੀ ਥਾਂ ਤੇ ਹੋਰ ਹੀ ਗੱਲਾਂ ਸੁਣਾਈ ਜਾਂਦੀ ਹੈ... ਹੁਣ ਤੂੰ ਹੀ ਦੱਸ ਦੇ ਮੈਂ ਕਿਵੇਂ ਮਾਫ਼ੀ ਮੰਗਾਂ ਤੇ ਇਹ ਮੈਨੂੰ ਮਾਫ਼ ਕਰ ਦੇਵੇਂ।"

(ਗੱਲਾਂ ਚੱਲੀ ਹੀ ਜਾਂਦੀਆਂ ਸਨ ਕਿ ਬਾਹਰੋ ਕਿਸੇ ਨੇ ਘੰਟੀ ਵਜਾਈ ਤੇ ਆਵਾਜ਼ ਦਿੱਤੀ ਨਾਨਕਾ ਘਰੇ ਹੀ ਹੈਂ)

"ਕੌਣ ਹੈ ਬਾਈ ਆ ਜਾਉ ਅੰਦਰ ਘਰੇ ਹੀ ਹਾਂ।"

ਸੀਤੋ ਬਾਹਰ ਵੇਖ ਕੇ ਕਹਿੰਦੀ ਹੈ,"ਵੀਰਪਾਲ ਭਜਨ ਸਿੰਘ ਆਇਆਂ ਹੈ।"

(ਇੰਨੇ ਵਿੱਚ ਭਜਨ ਸਿੰਘ ਅੰਦਰ ਆ ਜਾਂਦਾ ਹੈ)

"ਸਤਿ ਸ੍ਰੀ ਅਕਾਲ ਜੀ ਸਾਰਿਆਂ ਨੂੰ.. ਹਾਂ ਬੇਬੇ ਕੀਤੀ ਸੀ ਗੱਲ ਨਾਨਕ ਨਾਲ ਕਿ ਨਹੀਂ..!"

"ਨਹੀਂ ਪੁੱਤ ਕਈ ਦਿਨਾਂ ਦਾ ਬਸ ਇਹ ਕੰਮ ਵਿੱਚ ਹੀ ਬਾਹਲਾ ਵਿਅਸਤ ਰਿਹਾ, ਕੋਈ ਗੱਲ ਨਹੀ ਕੀਤੀ ਆਹ ਹੁਣ ਕਰਨ ਹੀ ਲੱਗੇ ਸੀ, ਇੰਨੇ ਵਿੱਚ ਹੀ ਤੁਸੀਂ ਬੂਹਾ ਆ ਖੜਕਾਇਆ।"

"ਚਲੋ ਠੀਕ ਹੈ,ਅੱਜ ਸਾਰੇ ਹੀ ਇਕੱਠੇ ਘਰੇ ਮਿਲ ਗਏ। ਨਾਨਕਾ ਤੇਰੇ ਲਈ ਰਿਸ਼ਤਾ ਲੈ ਕੇ ਆਇਆ ਹਾਂ, ਚੰਗਾ ਘਰ ਹੈ।"

"ਪਰ ਮੈਂ ਭੈਣਾਂ ਤੋਂ ਬਿਨਾਂ ਵਿਆਹ ਨਹੀਂ ਕਰਵਾਉਣਾ ਤੇ ਉਹਨਾਂ ਨੇ ਅਜੇ ਡੇਢ ਦੋ ਸਾਲ ਇੰਡੀਆ ਨਹੀਂ ਆਉਣਾ।"

"ਉਹ ਗੱਲ ਮੈਂ ਆਪੇ ਹੀ ਕਰ ਲਵਾਂਗਾ ਉਹਨਾਂ ਨਾਲ.... ਤੁਸੀਂ ਆਪਣੀ ਸਲਾਹ ਤਾਂ ਦੱਸੋ ਜੇ ਕੁੜੀ ਵਾਲੇ ਡੇਢ ਦੋ ਸਾਲ ਦਾ ਸਮਾਂ ਦੇਣ ਲਈ ਮੰਨ ਜਾਣ ਤਾਂ ਫਿਰ ਠੀਕ ਹੈ।"

"ਕਿਉਂ ਮਾਂ ਜੇ ਉਹ ਮੰਨ ਜਾਣ ਤਾਂ ਆਪਣੀ ਕੀ ਸਲਾਹ ਹੈ। "ਨਾਨਕ ਵੀਰਪਾਲ ਨੂੰ ਪੁੱਛਣ ਲੱਗ ਪੈਂਦਾ ਹੈਂ।

" ਬਾਈ ਜੀ ਵੇਖ ਲਉ...! ਜੇ ਉਹ ਰੁਕ ਜਾਣਗੇ ਤਾਂ ਫਿਰ ਲੈ ਲਉ ਟਾਇਮ ਕੁੜੀ ਦੇਖ ਲੈਦੇ ਹਾਂ ,ਜੇ ਪਸੰਦ ਆ ਗਈ ਆਪਾਂ ਨੂੰ ਉਹ ਤੇ ਉਹਨਾ ਨੂੰ ਆਪਾਂ .......ਤਾਂ ਅੱਗੇ ਗੱਲ ਕਰ ਲਾਵਾਂਗੇ।"

(ਵੀਰਪਾਲ ਨੇ ਜਵਾਬ ਦਿੱਤਾ)

"ਚਲੋ ਠੀਕ ਹੈ,ਫਿਰ ਮੈਂ ਉਹਨਾਂ ਨਾਲ ਗੱਲ ਕਰਕੇ ਤੁਹਾਨੂੰ ਦੱਸਦਾ ਹਾਂ, ਵੈਸੇ ਆਪਾਂ ਤਾਂ ਤਿਆਰ ਹਾਂ ਨਾ ਕੁੜੀ ਦੇਖਣ ਲਈ।"

" ਹਾਂ .....ਹਾਂ। "ਬੇਬੇ ਤੇਜੀ ਨਾਲ ਵਿੱਚੋਂ ਹੀ ਬੋਲ ਪਈ।

"ਠੀਕ ਹੈ ਫੇਰ ਭੈਣ ਜੀ ਮੈਂ ਚੱਲਦਾ ਹਾਂ ਤੇ ਛੇਤੀ ਹੀ ਖੁਸ਼ – ਖਬਰੀ ਲੈ ਕੇ ਆਉਂਦਾ ਹਾਂ।"

(ਆਖ ਭਜਨ ਸਿੰਘ ਚਲਾ ਜਾਂਦਾ ਹੈ)

"ਬੇਬੇ ਜਿਹੋ ਜਿਹੇ ਤੇਰੇ ਪੋਤਰੇ ਦੇ ਚਾਲੇ ਹੁੰਦੇ ਜਾ ਰਹੇ ਹਨ ਨਾ ਮੈਨੂੰ ਨਹੀਂ ਲੱਗਦਾ ਕਿਸੇ ਨੇ ਕੁੜੀ ਦੇਣੀ ਹੈ ਇਸਨੂੰ.....!"



"ਆਹ ਸੁਣ ਲਉ ਬੇਬੇ ........ ਮੈਨੂੰ ਤਾਂ ਇਹ ਨਹੀਂ ਪਤਾ ਲੱਗਾ ਅਜੇ ਤੱਕ ਕਿ ਇਹ ਮੇਰੀ ਮਾਂ ਮੇਰੀ ਦੁਸ਼ਮਣ ਹੈ ਜਾਂ ਦੋਸਤ.....!"

" ਪੁੱਤ ਮਾਂ ਤਾਂ ਮੈਂ ਤੇਰੀ ਦੋਸਤ ਹੀ ਪਰ ਤੈਨੂੰ ਲੱਗਦੀ ਦੁਸ਼ਮਣਾਂ ਤੋਂ ਵੀ ਭੈੜੀ ਹਾਂ।"

" ਵੀਰਪਾਲ ਤੂੰ ਵੀ ਹੱਦ ਕਰੀਂ ਜਾਂਦੀ ਹੈ, ਇਹ ਤਾਂ ਚੱਲ ਨਿਆਣਾ ਹੈ ਤੂੰ ਤਾਂ ਸਿਆਣੀ ਬਣ।"

"ਇਹ ਜੇ ਤੈਨੂੰ ਹੁਣ ਵੀ ਨਿਆਣਾ ਲੱਗਦਾ ਹੈ ਤਾਂ ਭਜਨੇ ਨੂੰ ਵਿਆਹੁਣ ਲਈ ਕਿਉਂ ਆਖੀਂ ਜਾਂਦੀ ਹੈ। ਇਹਨੂੰ ਲਿਆ ਕੇ ਦੁੱਧ ਵਾਲੀ ਬੋਤਲ... ਵਿਚਾਰਾ ਐਵੇਂ ਗਲੀਆਂ ਵਿੱਚ ਡਿੱਗਦਾ ਫਿਰਦਾ ਹੈਂ।"

"ਵੇਖ ਲਾ ਵੇਖ ਲਾ ਬੇਬੇ ਕਿਵੇਂ ਮੇਰਾ ਮਜ਼ਾਕ ਉਡਾਉਂਦੀ ਹੈ ਤੇਰੀ ਨੂੰਹ।"

"ਬਹੁਤ ਹੀ ਵਧੀਆ ਨਾਨਕਾ ......ਬਹੁਤ ਹੀ ਵਧੀਆਂ ਨਾਨਕਾ,ਹੁਣ ਮੈਂ ਮਾਂ ਤੋਂ ਤੇਰੀ ਬੇਬੇ ਦੀ ਨੂੰਹ ਹੋ ਗਈ ਸ਼ਾਬਾਸ਼....ਸ਼ਾਬਾਸ਼ ਪੁੱਤ ਮੈਨੂੰ ਆ ਹੀ ਉਮੀਦ ਹੀ ਸੀ ਤੇਰੇ ਤੋਂ.....!"

"ਵੀਰਪਾਲ ਰੱਬ ਦਾ ਵਾਸਤਾ ਹੈ ਨੀ ਤੂੰ ਹੀ ਚੁੱਪ ਕਰ ਜਾਹ...!"

" ਮੈਨੂੰ ਹੀ ਚੁੱਪ ਕਰਵਾਈ ਜਾਈ ਬੇਬੇ ਇਹਨੂੰ ਨਾ ਕੁਝ ਸਮਝਾਈ ਜਿਹਨੇ ਸਾਰੀ ਸ਼ਰਮ ਵੇਚ ਕੇ ਖਾਹ ਲਈ ਹੈ ਜਿਹੋ ਜਿਹਿਆ ਵਿੱਚ ਬਹਿੰਦਾ ਹੈ ਉਹੋ ਜੇਹੀ ਮੱਤ ਹੋਈ ਜਾਂਦੀ ਹੈ।"

"ਬੇਬੇ ਚੁੱਪ ਕਰਵਾ ਦੇ ਮਾਂ ਨੂੰ ਨਹੀਂ.......!"

"ਨਹੀਂ ਤਾਂ ਦੱਸ ਕੀ ਕਰੇਗਾ..... ਰੁੱਕ ਕਿਉਂ ਗਿਆ ਹੈ.......?"

" ਬੋਲ .....ਬੋਲ ਪੁੱਤ ਇਸੇ ਲਈ ਹੀ ਤਾਂ ਮੈਂ ਮੁਸ਼ਕਿਲਾਂ ਨਾਲ ਪਾਲਿਆ ਹੈ ਤੈਨੂੰ।"

"ਤੂੰ ਕੋਈ ਦੁਨੀਆਂ ਨਾਲੋ ਅਨੋਖਾ ਕੰਮ ਨਹੀਂ ਕੀਤਾ ਸਾਰੇ ਹੀ ਪਾਲਦੇ ਹਨ।"

"ਵੇ ਤੂੰ ਹੀ ਚੁੱਪ ਕਰ ਜਾਹ...ਭੋਰਾ ਸ਼ਰਮ ਹੀ ਕਰ ਲਉ..... ਕਿਉਂ ਲੋਕਾਂ ਨੂੰ ਤਮਾਸ਼ਾ ਦਿਖਾਈ ਜਾਂਦੇ ਹੋ।"

ਨਾਨਕ ਮੈਨੂੰ ਹੋਰ ਵੀ ਬਥੇਰੇ ਕੰਮ ਨੇ,"ਮੈਂ ਕੋਈ ਵਿਹਲਾ ਨਹੀਂ ਹਾਂ ਤੁਹਾਡੇ ਨਾਲ ਮੱਥਾ ਲਗਾਉਣ ਲਈ... ਆਖ ਸਕੂਟਰ ਲੈਕੇ ਬਾਹਰ ਚਲਾ ਜਾਂਦਾ ਹੈ।"

"ਵੀਰਪਾਲ ਤੂੰ ਹੀ ਕੋਈ ਸਮਝਦਾਰੀ ਦੀ ਗੱਲ ਕਰਿਆ ਕਰ........ ਨਾਨਕ ਹੁਣ ਕੋਈ ਨਿਆਣਾ ਨਹੀਂ ਰਿਹਾ।"

"ਬੇਬੇ ਨਿਆਣੀ ਤਾਂ ਮੈਂ ਹਾਂ ਜਦੋਂ ਤੇਰੇ ਪੋਤਰੇ ਦਾ ਦਿਲ ਕਰੇ ਮੇਰੀ ਬੇਇੱਜ਼ਤੀ ਕਰ ਦੇਵੇ...... .ਮੈਂ ਤੈਨੂੰ ਵੀ ਇੱਕ ਗੱਲ ਦੱਸ ਦਿੰਦੀ ਹੈ ਤੇਰੇ ਲਾਡਲੇ ਦੇ ਚੱਜ ਮਾੜੇ ਹੀ ਨੇ ਜੇ ਸੰਭਾਲ ਸਕਦੀ ਹੈ ਤਾਂ ਸੰਭਾਲ ਲੈ ਨਹੀਂ ਤਾਂ .......ਮੇਰੀ ਗੱਲ ਵਿੱਚ ਬੋਲ ਕੇ ਉਹਨੂੰ ਸ਼ੈਅ ਨਾ ਦਿਆ ਕਰ।"

"ਵੀਰਪਾਲ ਮੈਂ ਤਾਂ ਡਰਦੀ ਹਾਂ .... ਬਸ!"

"ਇੰਝ ਡਰਕੇ ਜਿੰਦਗੀ ਕਿਵੇਂ ਨਿਕਲੇਗੀ ਬੇਬੇ ਜਿੰਨਾ ਡਰੇਗੀ , ਉਹਨਾਂ ਹੀ ਡਰਾਵੇਗਾ ਇਹ........!"

"ਮੈਂ ਤਾਂ ਕਹਿੰਦੀ ਹਾਂ ਵਿਆਹ ਕਰ ਦਿੰਦੇ ਹਾਂ,ਆਪੇ ਹੀ ਘਰੇ ਟਿੱਕ ਕੇ ਬੈਠ ਜਾਵੇਗਾ, ਨਾਲੇ ਜਦੋਂ ਕਬੀਲਦਾਰੀ ਪੈ ਗਈ ਤਾਂ ਬੰਦਾ ਬਣ ਜਾਵੇਗਾ ਤੇ ਤਕਲੇ ਵਰਗਾ ਸਿੱਧਾ ਹੋ ਜਾਉ..... ! "ਸੀਤੋ ਵੀਰਪਾਲ ਨੂੰ ਕਹਿਣ ਲੱਗ ਪਈ।

" ਐਵੇ ਪੋਚੇ ਨਾ ਹੀ ਪਾ ਬੇਬੇ.. .....ਇੱਕ ਗੱਲ ਹੋਰ ਮੈਂ ਤਾਂ ਇਸ ਵਿਆਹ ਦੇ ਹੱਕ ਵਿੱਚ ਬਿਲਕੁਲ ਹੀ ਨਹੀਂ ਹਾਂ .........ਐਵੇ ਹੀ ਕਿਉਂ ਕਿਸੇ ਦੀ ਕੁੜੀ ਦੀ ਜਿੰਦਗੀ ਤਬਾਹ ਕਰੀਏ।"

"ਪਹਿਲਾਂ ਲਾਡਲੇ ਨੂੰ ਕਹਿ ਆਪਣੇ ਆਪ ਨੂੰ ਬਦਲੇ .......ਬੰਦਾ ਬਣਕੇ ਕੰਮ ਕਰੇ। ਫੇਰ ਕੁੜੀ ਵੀ ਦੇਖ ਆਵਾਂਗੇ। ਮੈਂ ਤਾਂ ਕੱਲ੍ਹ ਨੂੰ ਹੀ ਭਜਨੇ ਬਾਈ ਨੂੰ ਮਨਾਂ ਕਰ ਦੇਣਾ ਹੈ।"

"ਨਾ ਨੀ ਵੀਰਪਾਲ ਤੈਨੂੰ ਮੇਰੀ ਸਹੁੰ,ਭਜਨੇ ਨਾਲ ਅਜਿਹੀ ਕੋਈ ਗੱਲ ਨਹੀਂ ਕਰੇਗੀ। ਜਵਾਨੀ ਵਿੱਚ ਤਾਂ ਮੁੰਡੇ ਗਲਤੀਆਂ ਕਰਦੇ ਹੀ ਹੁੰਦੇ ਨੇ।"

"ਗਲਤੀਆਂ...... ਤੇਰੇ ਪੋਤਰੇ ਦੇ ਵਾਗੂੰ ਨਸ਼ੇ ਕਰਕੇ ਨਾਲੀਆਂ ਵਿੱਚ ਨਹੀਂ ਡਿੱਗੇ ਪਏ ਮਿਲਦੇ।"

" ਨੀ ਤੂੰ ਮਾਂ ਹੈ ਕਿ........!"

"ਮੈਂ ਤਾਂ ਡਾਇਨ ਹਾਂ ਹੋਰ ਦੱਸ ਬੇਬੇ ਕੀ ਕਹਿਣਾ ਹੈਂ.....? ਮੈਂ ਨਹੀਂ ਚਾਹੁੰਦੀ ਕਿ ਉਹ ਵੀ ਸਾਰੀ ਉਮਰ ਮੇਰੇ ਵਾਂਗ ਹੀ ਤਕਲੀਫ਼ਾਂ ਵਿੱਚ ਕੱਟੇ।"

"ਚੱਲ ਆਪਾਂ ਦੋਵੇਂ ਮਿਲ ਕੇ ਸਮਝਾਵਾਂਗੀਆ ,ਨਿਆਣਾ ਹੈ ਸਮਝ ਜਾਵੇਗਾ।

"ਬੇਬੇ ਮੈਨੂੰ ਤੇਰੇ ਆ ਨਿਆਣੇ ਸ਼ਬਦ ਤੋਂ ਹੀ ਨਫ਼ਰਤ ਹੈ ,ਨਾਲੇ ਫੇਰ ਉਹੀ ਗੱਲ ਨਾਨਕ ਨਿਆਣਾ ਨਹੀਂ ਹੈ।"


"ਅੱਛਾ –ਅੱਛਾ ਮੈਂ ਵੀ ਮੰਨਦੀ ਹਾਂ ...ਨਾਨਕ ਦੀ ਸਾਰੀ ਹੀ ਗਲਤੀ ਹੈ । ਨੀ ਆਪਾਂ ਨਾਨਕ ਨੂੰ ਪਿਆਰ ਨਾਲ ਸਮਝਾ ਕੇ ਹੀ ਮਾੜੀ ਸੰਗਤ ਵਿੱਚੋਂ ਕੱਢ ਸਕਦੇ ਹਾਂ।"

" ਬੇਬੇ ਮੇਰੇ ਵੀ ਕਲੇਜਾ ਦਾ ਟੁਕੜਾ ਹੈ ਮੈਨੂੰ ਵੀ ਕੋਈ ਦੁ-ਪਿਆਰਾ ਨਹੀਂ ਹੈ ,ਮੈਂ ਨਾਨਕ ਦੇ ਚੰਗੇ ਵਾਸਤੇ ਹੀ ਬੋਲਦੀ ਹਾਂ.... ਤੂੰ ਹੀ ਦੱਸ ਜਦੋ ਕੱਲ੍ਹ ਗਲੀ ਵਿੱਚੋਂ ਚੁੱਕ ਕੇ ਲਿਆਦਾਂ ਸੀ ਤਾਂ ਤੈਨੂੰ ਕਿੰਨਾ ਕੁ ਚੰਗਾ ਲੱਗਿਆ ਸੀ।"

"ਚੱਲ ਕੋਈ ਨਾ ਮੈਂ ਵੀ ਤੇਰੇ ਨਾਲ ਮਿਲ ਕੇ ਗੱਲ ਕਰੂੰਗੀ... ਤੂੰ ਹੌਸਲਾਂ ਨਾ ਹਾਰ।

(ਦੋਵੇਂ ਇੱਕ ਦੂਜੇ ਨੂੰ ਹੌਸਲਾ ਦੇਣ ਲੱਗ ਜਾਂਦੀਆ ਹਨ)

ਚੱਲਦਾ...



ਸੰਦੀਪ ਦਿਉੜਾ,
84375-56667

# ਜਿਹੜਾ ਫਸ ਗਿਆ ਜੋ ਫਸ ਗਿਆ

ਇਹ ਵੇਖਿਆ ਗਿਆ ਹੈ ਕਿ ਜਦੋਂ ਬਾਹਰਲੇ ਸੂਬਿਆਂ ਦੇ ਵਾਸੀ ਸਿੱਧੇ ਆਈ.ਪੀ.ਐਸ. ਭਰਤੀ ਹੋ ਕੇ ਪੰਜਾਬ ਕੇਡਰ ਵਿੱਚ ਆਉਂਦੇ ਹਨ ਤਾਂ ਜਿਆਦਾਤਰ ਦੇ ਮਨ ਵਿੱਚ ਇਹ ਭਰਮ ਹੁੰਦਾ ਹੈ ਕਿ ਸ਼ਾਇਦ ਸਾਰੀ ਦੀ ਸਾਰੀ ਪੰਜਾਬ ਪੁਲਿਸ ਮਹਾਂ ਭ੍ਰਿਸ਼ਟ ਅਤੇ ਨਿਕੰਮੀ ਹੈ ਤੇ ਸਰਕਾਰ ਨੇ ਉਨ੍ਹਾਂ ਨੂੰ ਇਥੇ ਪੰਜਾਬ ਪੁਲਿਸ ਨੂੰ ਸੁਧਾਰਨ ਲਈ ਹੀ ਭੇਜਿਆ ਹੈ। ਇਹ ਆਈ.ਪੀ.ਐਸ. ਸਾਹਿਬਾਨ ਪਹਿਲੀ ਫੀਲਡ ਪੋਸਟਿੰਗ ਹੁੰਦਿਆਂ ਸਾਰ ਰਾਜੇ ਹਰੀਸ਼ ਚੰਦਰ ਦਾ ਰੂਪ ਧਾਰ ਕੇ ਮੁਲਾਜ਼ਮਾਂ ਦੇ ਪਿੱਛੇ ਪੈ ਜਾਂਦੇ ਹਨ। ਉਹ ਗੱਲ ਵੱਖਰੀ ਹੈ ਕੁਝ ਸਾਲਾਂ ਬਾਅਦ ਹੀ ਇਨ੍ਹਾਂ ਵਿੱਚੋਂ ਕਈ ਪੈਸੇ ਲੈਣ ਵਾਲੀਆਂ ਧੱਜੀਆਂ ਉਡਾ ਦਿੰਦੇ ਹਨ। ਅਸਲ ਵਿੱਚ ਇਨ੍ਹਾਂ ਵਿੱਚੋਂ ਕਈ ਉਨ੍ਹਾਂ ਰਾਜਾਂ ਤੋਂ ਆਉਂਦੇ ਹਨ ਜਿੱਥੇ ਲੋਕਾਂ ਦਾ ਜੀਵਨ ਪੱਧਰ ਬਹੁਤ ਨੀਵਾਂ ਹੈ ਤੇ ਘੋਰ ਗਰੀਬੀ ਹੈ। ਜਦੋਂ ਕਿ ਹਰੀ ਕ੍ਰਾਂਤੀ ਕਾਰਨ ਹੋਏ ਵਿਕਾਸ ਦੇ ਫਲਸਵਰੂਪ ਪੰਜਾਬ ਪੁਲਿਸ ਦੇ ਕਾਂਸਟੇਬਲ ਤੱਕ ਵੀ ਚੰਗੀਆਂ ਗੱਡੀਆਂ ਤੇ ਬੁਲੇਟ ਵਰਗੇ ਮਹਿੰਗੇ ਮੋਟਰ ਸਾਈਕਲ ਖਰੀਦਣ ਦੀ ਹੈਸੀਅਤ ਰੱਖਦੇ ਹਨ। ਉਸ ਦੇ ਉਲਟ ਭਾਰਤ ਦੇ ਬਹੁਗਿਣਤੀ ਸੂਬਿਆਂ ਦੇ ਵਸਨੀਕਾਂ ਲਈ ਅੱਜ ਵੀ ਸਾਈਕਲ ਖਰੀਦਣਾ ਬਹੁਤ ਵੱਡੀ ਗੱਲ ਹੈ। ਇਹ ਅਫਸਰ ਜਦੋਂ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਗੱਡੀਆਂ ਵਿੱਚ ਘੁੰਮਦੇ ਵੇਖਦੇ ਹਨ ਤਾਂ ਆਪਣੇ ਸੂਬੇ ਦੀ ਆਰਥਿਕ ਹਾਲਤ ਨਾਲ ਤੁਲਨਾ ਕਰ ਕੇ ਸਮਝਦੇ ਹਨ ਕਿ ਇਹ ਰਿਸ਼ਵਤਖੋਰੀ ਨਾਲ ਹੀ ਖਰੀਦੇ ਜਾ ਸਕਦੇ ਹਨ।

ਕਈ ਸਾਲ ਪਹਿਲਾਂ ਅਜਿਹਾ ਹੀ ਇੱਕ ਅਫਸਰ ਸਤਿੰਦਰ ਚੈਨ (ਕਾਲਪਨਿਕ ਨਾਮ) ਸੰਗਰੂਰ ਜਿਲ੍ਹੇ ਦੀ ਇੱਕ ਸਬ ਡਵੀਜ਼ਨ ਵਿੱਚ ਬਤੌਰ ਏ.ਐਸ.ਪੀ. ਨਿਯੁਕਤ ਹੋਇਆ ਸੀ। ਉਸ ਵੇਲੇ ਸੰਗਰੂਰ ਵਿਖੇ ਇੱਕ ਬਹੁਤ ਹੀ ਹੰਢਿਆ ਵਰਤਿਆ ਤੇ ਸੋਲਾਂ ਕਲਾਂ ਸੰਪੂਰਨ ਅਫਸਰ ਬਤੌਰ ਐਸ.ਐਸ.ਪੀ. ਤਾਇਨਾਤ ਸੀ ਜਿਸ ਦੇ ਚੰਡੀਗੜ੍ਹ – ਦਿੱਲੀ ਦੇ ਚੋਟੀ ਦੇ ਸਿਆਸਤਦਾਨਾਂ ਅਤੇ ਸੀਨੀਅਰ ਅਫਸਰਾਂ ਨਾਲ ਗੂੜ੍ਹੇ ਸਬੰਧ ਸਨ। ਉਹ ਵਗਾਰ ਕਰਨ ਨੂੰ ਬਹੁਤ ਤਕੜਾ ਸੀ, ਇਥੋਂ ਤੱਕ ਕਿ ਪੰਜਾਬ ਨਾਲ ਸਬੰਧਿਤ ਇੱਕ ਚੋਟੀ ਦੇ ਖੱਬੇ ਪੱਖੀ ਲੀਡਰ ਨੂੰ ਹਰ ਮਹੀਨੇ ਦੋ ਮਹੀਨੇ ਬਾਅਦ ਤਿੱਤਰ ਵੀ ਭੇਜਦਾ ਹੁੰਦਾ ਸੀ। ਥਾਣਿਆਂ ਦੀਆਂ ਟੀਮਾਂ ਠੁਮਰਿਆਂ ਨੂੰ ਲੈ ਕੇ ਖੇਤਾਂ ਵਿੱਚ ਫੈਲ ਜਾਂਦੀਆਂ ਸਨ। ਤਿੱਤਰ ਦਾ ਕੋਡ ਨੇਮ ਟੈਂਗੋ ਰੱਖਿਆ ਹੋਇਆ ਸੀ ਤੇ ਵਾਇਰਲੈੱਸ 'ਤੇ ਥਾਣਿਆਂ ਨੂੰ ਪੁੱਛਿਆ ਜਾਂਦਾ ਸੀ ਆਪਣੀ ਟੈਂਗੋ ਗਿਣਤੀ ਦੱਸੋ, ਅਰਥਾਤ ਕਿੰਨੇ ਤਿੱਤਰ ਪਕੜੇ ਜਾ ਚੁੱਕੇ ਹਨ? ਇਸ ਤੋਂ ਇਲਾਵਾ ਉਸ ਵੱਲੋਂ ਥਾਣਾ ਇੰਚਾਰਜਾਂ ਤੇ ਸਬ ਡਵੀਜ਼ਨਾਂ ਦੇ ਡਿਪਟੀਆਂ ਨੂੰ ਠੋਕ ਕੇ ਵਗਾਰ ਪਾਈ ਜਾਂਦੀ ਸੀ ਜੋ ਮਹੀਨੇ ਦੀ 3 ਤਰੀਕ ਨੂੰ ਪਹੁੰਚ ਜਾਣੀ ਲਾਜ਼ਮੀ ਸੀ। ਚੈਨ ਨੇ ਆਉਂਦੇ ਸਾਰ ਆਪਣੀ ਸਬ ਡਵੀਜ਼ਨ ਦੇ ਐਸ.ਐਚ.ਉਆਂ ਦੀ ਮੀਟਿੰਗ ਬੁਲਾਈ ਤੇ ਪ੍ਰਧਾਨ ਮੰਤਰੀ ਦੇ ਜ਼ੁਮਲੇ, ਨਾ ਖਾਊਂਗਾ, ਨਾ ਖਾਨੇ ਦੂੰਗਾ, ਵਰਗਾ ਸਖਤ ਹੁਕਮ ਜਾਰੀ ਕਰ ਦਿੱਤਾ। ਉਸ ਨੇ ਸਾਰੀ ਸਬ ਡਵੀਜ਼ਨ ਵਿੱਚ ਦਹਿਸ਼ਤ ਪਾ ਦਿੱਤੀ ਤੇ ਸ਼ੱਕੀ ਕਿਰਦਾਰ ਵਾਲੇ ਮੁਲਾਜ਼ਮਾਂ ਦੀ ਰਿਸ਼ਵਤਖੋਰੀ ਸਬੰਧੀ ਲਿਖ ਲਿਖ ਕੇ ਐਸ.ਐਸ.ਪੀ. ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਸਾਰੇ ਮੁਲਾਜ਼ਮ ਡਰ ਗਏ ਤੇ ਐਸ.ਐਚ.ਉ ਵੀ ਮਾਹੌਲ ਗਰਮ ਹੋਇਆ ਵੇਖ ਕੇ ਕੱਛੁਕੁੰਮੇ ਵਾਂਗ ਦੜ ਵੱਟ ਗਏ। ਮਹੀਨਾ ਖਤਮ ਹੋ ਗਿਆ ਪਰ ਚੈਨ ਦੀ ਸਬ ਡਵੀਜ਼ਨ ਦੇ ਐਸ.ਐਚ.ਉ. ਨਜ਼ਰਾਨਾ ਭੇਂਟ ਕਰਨ ਲਈ ਐਸ.ਐਸ.ਪੀ. ਕੋਲ ਨਾ ਪਹੁੰਚੇ।

ਉਸ ਸਬ ਡਵੀਜ਼ਨ ਵਿੱਚ ਚਾਰ ਵਧੀਆ ਮਲਾਈਦਾਰ ਥਾਣੇ ਸਨ ਜਿੰਨ੍ਹਾਂ ਤੋਂ ਆਉਣ ਵਾਲੇ ਮਾਲੀਏ ਦਾ ਨੁਕਸਾਨ ਐਸ.ਐਸ.ਪੀ. ਲਈ ਅਸਹਿ ਸੀ। ਉਸ ਨੇ ਰੀਡਰ ਰਾਹੀਂ ਐਸ.ਐਚ.ਉਆਂ ਨੂੰ ਯਾਦ ਕਰਾਉਣ ਲਈ ਟੈਲੀਫੋਨ ਕਰਵਾਏ ਤਾਂ ਸਾਰਿਆਂ ਦਾ ਇੱਕ ਹੀ ਜਵਾਬ ਸੀ ਕਿ ਏ.ਐਸ.ਪੀ. ਸਾਹਿਬ ਦੀ ਸਖਤੀ ਕਾਰਨ ਅਸੀਂ ਨਜ਼ਰਾਨਾ ਭੇਂਟ ਕਰਨ ਤੋਂ ਅਸਮਰਥ ਹਾਂ। ਜੇ ਤੁਸੀਂ ਸਾਨੂੰ ਬਦਲਣਾ ਚਾਹੁੰਦੇ ਹੋ ਤਾਂ ਬਦਲ ਦਿਉ, ਪਰ ਅਸੀਂ ਆਪਣੇ 'ਤੇ ਮੁਕੱਦਮਾ ਨਹੀਂ ਦਰਜ ਕਰਾਉਣਾ। ਐਸ.ਐਸ.ਪੀ. ਨੂੰ ਕ੍ਰੋਧ ਚੜ੍ਹ ਗਿਆ ਤੇ ਉਸ ਨੇ ਚੈਨ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਆਪ ਉਸ ਨੇ ਘਰ ਬੈਠ ਕੇ ਸੁਰਾ ਸੁੰਦਰੀ ਦਾ ਅਨੰਦ ਲੈ ਰਹੇ ਹੋਣਾ ਤੇ ਰਾਤ ਦਸ ਗਿਆਰਾਂ ਵਜੇ ਚੈਨ ਨੂੰ ਕੰਟਰੋਲ ਰੂਮ ਰਾਹੀਂ ਵਾਇਰਲੈੱਸ ਸੰਦੇਸ਼ ਕਰਵਾ ਦੇਣਾ ਕਿ ਐਸ.ਐਸ.ਪੀ. ਸਾਹਿਬ ਲੁਧਿਆਣੇ ਤੋਂ ਆ ਰਹੇ ਹਨ, ਉਨ੍ਹਾਂ ਨੂੰ ਅਹਿਮਦਗੜ੍ਹ ਟੀ ਪੁਆਇੰਟ 'ਤੇ ਜਾ ਕੇ ਮਿਲੋ ਜਾਂ ਦਿੱਲੀ ਤੋਂ ਆ ਰਹੇ ਹਨ, ਖਨੌਰੀ ਭਾਖੜਾ ਨਹਿਰ ਦੇ ਪੁਲ 'ਤੇ ਮਿਲੋ। ਵਿਚਾਰੇ ਚੈਨ ਨੇ ਸਾਰੀ ਸਾਰੀ ਰਾਤ ਉਡੀਕਦੇ ਰਹਿਣਾ ਤੇ ਐਸ.ਐਸ.ਪੀ. ਨੇ ਅਰਾਮ ਨਾਲ ਏ.ਸੀ. ਛੱਡ ਕੇ ਘੁਰਾੜੇ ਮਾਰਦੇ ਰਹਿਣਾ। ਜਦੋਂ ਫਿਰ ਵੀ ਚੈਨ ਨੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਤਾਂ ਐਸ.ਐਸ.ਪੀ. ਨੇ ਇਲਾਕੇ ਦੇ ਟਟਪੂੰਜੀਏ ਲੀਡਰਾਂ ਨੂੰ ਕਹਿ ਕੇ ਉਸ ਦੇ ਦਫਤਰ ਸਾਹਮਣੇ ਧਰਨਾ ਲਗਵਾ ਦਿੱਤਾ। ਹਜ਼ੂਮ ਨਾਹਰੇ ਮਾਰ ਰਿਹਾ ਸੀ, "ਭ੍ਰਿਸ਼ਟ ਚੈਨ ਮੁਰਦਾਬਾਦ। ਠੱਗ ਚੈਨ ਮੁਰਦਾਬਾਦ। ਚੈਨ ਹਟਾਉ, ਇਲਾਕਾ ਬਚਾਉ ਆਦਿ।"

ਚੈਨ ਤੇ ਸਬ ਡਵੀਜ਼ਨ ਦੇ ਸਾਰੇ ਐਸ.ਐਚ.ਉ. ਸਮੇਤ ਫੋਰਸ ਧਰਨੇ ਨੂੰ ਕੰਟਰੋਲ ਕਰਨ ਲਈ ਹਾਜ਼ਰ ਸਨ। ਚੈਨ ਕਿਸੇ ਹਿੰਦੀ ਭਾਸ਼ੀ ਸੂਬੇ ਦਾ ਸੀ ਤੇ ਉਸ ਨੂੰ ਅੱਖੜ ਪੇਂਡੂ ਪੰਜਾਬੀ ਬੋਲੀ ਦੀ ਸਮਝ ਨਹੀਂ ਸੀ ਆਉਂਦੀ। ਉਸ ਨੇ ਕੋਲ ਖੜੇ ਥਾਣਾ ਸਦਰ ਦੇ ਐਸ.ਐਚ.ਉ. ਸਵਰਨ ਸਿੰਘ ਖੰਨਾ ਨੂੰ ਪੁੱਛਿਆ, "ਅਰੇ ਸਵਰਨ, ਜੇ ਕਿਆ ਕਹਿ ਰਹੇ ਹੈਂ?" ਸਵਰਨ ਅੱਗੇ ਹੀ ਸੜਿਆ ਬਲਿਆ ਪਿਆ ਸੀ ਸੋ ਉਸ ਨੇ ਕਰੜਾ ਜਿਹਾ ਅਨੁਵਾਦ ਕੀਤਾ, "ਸਰ ਯਹ ਕਹਿ ਰਹੇ ਹੈਂ ਕਿ ਆਪ ਮਹਾਂ ਕੁਰੱਪਟ ਆਫਸਰ ਹੋ। ਆਪ ਮਹਾਂ ਭੁੱਖੜ ਹੋ, ਪੈਸੇ ਲੀਏ ਬਗੈਰ ਕਿਸੀ ਕਾ ਕਾਮ ਨਹੀਂ ਕਰਤੇ। ਬੇਗੁਨਾਹੋਂ ਪਰ ਮੁਕੱਦਮੇ ਦਰਜ਼ ਕਰਵਾ ਦੇਤੇ ਹੋ।" ਚੈਨ ਨੂੰ ਸਰਦੀ ਵਿੱਚ ਹੀ ਪਸੀਨਾ ਆ ਗਿਆ ਕਿ ਇਹ ਉਲਟੀ ਗੰਗਾ ਕਿਵੇਂ ਵਹਿ ਗਈ, "ਸਵਰਨ ਆਪ ਤੋ ਜਾਨਤੇ ਹੋ ਕਿ ਮੈਂ ਪੈਸੇ ਨਹੀਂ ਲੇਤਾ। ਅਰੇ ਭਾਈ ਇਨ ਕੋ ਸਮਝਾਉ ਔਰ ਸ਼ਾਂਤ ਕਰੋ।" ਸਵਰਨ ਨੇ ਸੌ ਦੀ ਇੱਕ ਸੁਣਾਈ, "ਸਰ ਪੈਸੇ ਤੋ ਕੋਈ ਭੀ ਨਹੀਂ ਲੇਤਾ, ਜਹਾਂ ਤੱਕ ਕਿ ਐਸ.ਐਸ.ਪੀ. ਸਾਹਿਬ ਭੀ ਨਹੀਂ ਲੇਤੇ। ਪੁਲਿਸ ਮਹਿਕਮੇ ਮੇਂ ਤੋ ਜੋ ਫਸ ਗਿਆ ਸੋ ਫਸ ਗਿਆ।" ਸਵਰਨ ਦੀ ਡੂੰਘੀ ਗੱਲ ਚੈਨ ਸਮਝ ਗਿਆ ਤੇ ਉਸੇ ਵੇਲੇ ਡੀ.ਆਈ.ਜੀ. ਰੇਂਜ ਪਟਿਆਲਾ ਕੋਲ ਜਾ ਕੇ ਪਿੱਟਿਆ ਕਿ ਐਸ.ਐਸ.ਪੀ. ਤਾਂ ਮੇਰਾ ਕੈਰੀਅਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਕਰਨ ਦੀਆਂ ਤਿਆਰੀ ਕਰੀ ਬੈਠਾ ਹੈ।

ਕਿਤੇ ਮੇਰੀ ਸਲਾਨਾ ਰਿਪੋਰਟ ਨਾ ਖਰਾਬ ਕਰ ਦੇਵੇ, ਮੈਨੂੰ ਬਚਾਇਆ ਜਾਵੇ। ਮੈਂ ਅੱਗੇ ਤੋਂ ਉਸ ਦੇ ਕੰਮਾਂ ਵਿੱਚ ਟੰਗ ਨਹੀਂ ਫਸਾਉਂਦਾ। ਡੀ.ਆਈ.ਜੀ. ਦੀ ਐਸ.ਐਸ.ਪੀ. ਨਾਲ ਚੰਗੀ ਬਣਦੀ ਸੀ। ਉਸ ਨੇ ਦੋਵਾਂ ਨੂੰ ਬਿਠਾ ਕੇ ਰਾਜ਼ੀਨਾਮਾ ਕਰਵਾ ਦਿੱਤਾ ਤੇ ਦੋਵੇਂ ਇੱਕ ਦੂਸਰੇ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਕੀਤੇ ਬਗੈਰ ਆਪੋ ਆਪਣਾ ਸਿਸਟਮ ਚਲਾਉਣ ਲੱਗ ਪਏ।



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ
9501100062

# ਸ਼੍ਰੀ ਗੁਰੂ ਨਾਨਕ ਦੇਵ ਜੀ ਵਲੋਂ ਵਸਾਏ ਸ਼ਹਿਰ ਚਲੋ ਚਲੀਏ ਸ਼੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ

ਸੰਖੇਪ ਭੂਮਿਕਾ ÷ ੧ੳ ਦੇ ਖੋਜੀ ਕਵੀ ਬਾਬਾ ਨਾਨਕ ਨੇ 1504 ਵਿੱਚ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਸਾਹਿਬ ਜ਼ਿਲ੍ਹਾ ਨਾਰੋਵਾਲ ਤਹਿਸੀਲ ਸ਼ਕਰਗੜ੍ਹ ਪੰਜਾਬ ਪਾਕਿਸਤਾਨ ਦੀ ਸਥਾਪਨਾ ਕੀਤੀ। ਸਾਰੇ ਸਿੱਖ ਭਾਈਚਾਰੇ ਨੂੰ ਇਕੱਠਾ ਕੀਤਾ ਅਤੇ 22 ਸਤੰਬਰ 1939 ਨੂੰ ਜੋਤੀ ਜੋਤ ਸਮਾਉਣ ਤੱਕ 18 ਸਾਲ ਆਪਣੀਆਂ ਬਹੁਮੁਲੀਆਂ ਸੇਵਾਵਾਂ ਦਿੱਤੀਆਂ। ਗੁਰੂ ਜੀ ਨੇ ਆਪਣੇ ਜੀਵਨ ਕਾਲ ਦੇ 18 ਸਾਲ ਦੌਰਾਨ ਇੱਥੇ ਪ੍ਰਚਾਰ ਕੀਤਾ। ਇੱਕ ਅਮੀਰ ਖੱਤਰੀ ਧਾਰਮਿਕ ਪਰਿਵਾਰ ਕਰੋੜੀ ਦੁਆਰਾ ਦਾਨ ਕੀਤੇ ਧਨ ਨਾਲ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ ਗਈ। ਕਰਤਾਰਪੁਰ ਦਾ ਅਰਥ ਹੈ ਨਿਰਮਾਤਾ ਜਾਂ ਭਗਵਾਨ ਦਾ ਸ਼ਹਿਰ ਅਤੇ ਪੁਰ ਦਾ ਅਰਥ ਹੈ ਸ਼ਹਿਰ। ਲਗਭਗ 20 ਸਾਲਾਂ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਆਪਣੇ ਪਰਿਵਾਰ ਸਹਿਤ ਕਰਤਾਰਪੁਰ ਵਿਖੇ ਵਸ ਗਏ। ਗੁਰੂ ਜੀ ਦੀ ਮੌਤ ਤੋਂ ਬਾਅਦ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨੇ ਉਨਾਂ ਉੱਪਰ ਆਪਣਾ ਦਾਅਵਾ ਕੀਤਾ ਅਤੇ ਉਨਾਂ ਦੀ ਯਾਦ ਵਿਚ ਇੱਕ ਦੀਵਾਰ ਦੇ ਨਾਲ ਮਕਬਰੇ ਬਣਾਏ। ਰਾਵੀ ਨਦੀ ਦੇ ਬਦਲਦੇ ਮਾਰਗ ਕਰਕੇ ਮਕਬਰੇ ਵਹਿ ਗਏ ਪਰ ਗੁਰੂ ਜੀ ਦੇ ਪਰਿਵਾਰ ਨੇ ਉਹਨਾਂ ਦੀ ਰਾਖਵਾਲਾ ਕਲਸ ਬਚਾ ਲਿਆ ਅਤੇ ਓਸੇ ਨਦੀ ਦੇ ਸੱਜੇ ਕਿਨਾਰੇ ਵਿੱਚ ਸਥਾਨ ਦੇ ਦਿੱਤਾ ਜਿੱਥੇ ਇੱਕ ਨਵੀਂ ਬਸਤੀ ਬਣਾਈ ਗਈ ਜੋ ਵਰਤਮਾਨ ਡੇਰਾ ਬਾਬਾ ਨਾਨਕ ਦਾ ਪ੍ਰਤੀਨਿਧ ਕਰਦੀ ਹੈ। ਗੁਰੂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸ਼ੁਰੂਆਤੀ ਸਿੱਖ ਸਮੁਦਾਏ ਉਹਨਾਂ ਦੇ ਉੱਤਰ ਅਧਿਕਾਰੀ ਗੁਰੂ ਅਗੰਦ ਦੇਵ ਜੀ ਕਰਤਾਰਪੁਰ ਤੋਂ ਸ੍ਰੀ ਖੰਡੂਰ ਸਾਹਿਬ ਵਿੱਚ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਦੀ ਸਥਾਪਨਾ ਕੀਤੀ, ਖੇਤੀਬਾੜੀ ਕੀਤੀ ਅਤੇ ਲੰਗਰ ਦੀ ਸਥਾਪਨਾ ਕੀਤੀ। ਵੰਡ ਛਕਣਾ, ਕੀਰਤਨ ਕਰਨਾ, ੧ੳ ਦਾ ਸੰਦੇਸ਼ ਫੈਲਾਇਆ, ਨਾਮ ਜਪਣਾ, ਸਰਬੱਤ ਦਾ ਭਲਾ, ਅੰਧ ਵਿਸ਼ਵਾਸ ਵਿਰੁੱਧ ਦਾ ਸੰਦੇਸ਼ ਦੇਸ਼ਾਂ-ਵਿਦੇਸ਼ਾਂ ਵਿੱਚ ਦਿੱਤਾ। ਕਰਤਾਰਪੁਰ ਸਾਹਿਬ ਸਥਾਨ ਯਾਤਰੀਆਂ ਸ਼ਰਧਾਲੂਆਂ ਲਈ ਆਕਰਸ਼ਣ ਅਤੇ ਅਧਿਆਤਮਿਕਤਾ ਦਾ ਕੇਂਦਰ ਹੈ। ਦੁਨੀਆ ਭਰ ਦੇ ਲਗਭਗ 30 ਮਿਲੀਅਨ ਸਿੱਖਾਂ ਦੇ ਲਈ ਸਭ ਤੋਂ ਵੱਧ ਪਵਿੱਤਰ ਸਥਾਨਾਂ ਵਿੱਚੋਂ ਇੱਕ ਹੈ। ਇੱਥੇ ਮੁਖ ਤੀਰਥ ਭਵਨ 1925 ਵਿੱਚ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ। ਪਟਿਆਲੇ ਦੇ ਮਹਾਰਾਜਾ ਸਰਦਾਰ ਭੁਪਿੰਦਰ ਸਿੰਘ ਦੁਆਰਾ 135600 ਦਾ ਦਾਨ ਦਿੱਤਾ ਗਿਆ। ਇਸ ਸਥਾਨ ਦੀ ਮੁਰੰਮਤ 1995 ਵਿੱਚ ਪਾਕਿਸਤਾਨ ਸਰਕਾਰ ਦੁਆਰਾ ਕੀਤੀ ਗਈ। ਮਈ 2017 ਵਿੱਚ ਅਮਰੀਕਾ ਸਥਿਤ ਗੈਰ ਸਰਕਾਰੀ ਸੰਗਠਨ ਈਕੋ ਸਿੱਖ ਨੇ ਇਸ ਸਥਾਨ ਦੇ ਚਾਰੇ ਤਰਫ 100 ਏਕੜ ਦੇ ਪਵਿੱਤਰ ਸਥਾਨ ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ। ਨਵੰਬਰ 2018 ਵਿੱਚ 42 ਏਕੜ ਖੇਤਰ ਵਿੱਚ ਫੈਲੇ ਪ੍ਰਾਂਗਣ, ਸੰਗ੍ਰਹਿਆਲਯ, ਲਾਇਬਰੇਰੀ, ਕਮਰੇ ਅਤੇ ਲਾਕਰ ਰੂਮ ਦੇ ਨਿਰਮਾਣ ਨਾਲ ਗੁਰਦੁਆਰੇ ਦਾ ਵਿਸਥਾਰ ਕੀਤਾ ਗਿਆ। ਇੱਥੇ 20 ਫੁੱਟ ਦਾ ਪ੍ਰਾਚੀਨ ਖੂਹ ਛੋਟੀਆਂ ਇੱਟਾਂ ਦੁਆਰਾ ਨਿਰਮਿਤ ਲਗਭਗ 500 ਸਾਲ ਪੁਰਾਣਾ ਹੈ। ਇੱਥੇ ਮੂਲ ਗੁਰੂ ਗ੍ਰੰਥ ਸਾਹਿਬ ਦੀਆਂ ਅੰਤਿਮ ਪ੍ਰਤੀਆਂ ਗੁਰੂ ਗ੍ਰੰਥ ਇਥੇ ਹਰ ਕਦਮ ਗੁਰੂ ਜੀ ਦੇ ਜੀਵਨ ਦੀ ਯਾਦ ਦਿਲਾਂਦਾ ਹੈ।



ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਸਮਰੋਹ ਸਮੇਂ ਗਲਿਆਰਾ ਨਵੰਬਰ 2028 ਨੂੰ ਖੋਲਿਆ ਗਿਆ। ਇਸ ਮੌਕੇ 550 ਯਾਤਰੀ ਆਏ। ਨਵਜੋਤ ਸਿੰਘ ਸਿੱਧੂ ਨੇ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਲਿਆਰਾ ਖੋਲ੍ਹ ਕੇ ਸਿੱਖ ਸਮੁਦਾਇ ਦਾ ਦਿਲ ਜਿੱਤ ਲਿਆ ਹੈ। ਇਸ ਮੌਕੇ ਹਜ਼ਾਰਾਂ ਸ਼ਰਧਾਲੂ ਹਾਜ਼ਰ ਸਨ। ਸ਼ਬਦ ਚਿੱਤਰ ਵਾਰਤਾ - ÷ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸ਼ਕਰਗੜ੍ਹ ਤਹਿਸੀਲ ਜ਼ਿਲ੍ਹਾ ਨਾਰੋਵਾਲ ਪਾਕਿਸਤਾਨ ਜਾਣ ਲਈ



ਕਈ ਵਾਰੀ ਪ੍ਰੋਗਰਾਮ ਬਣਿਆ ਪਰ ਕਈਆਂ ਕਾਰਨਾਂ ਕਰਕੇ ਅੱਧ ਵਿਚਾਲੇ ਹੀ ਰਹਿ ਜਾਂਦਾ। ਪਾਕਿਸਤਾਨ ਲਾਹੌਰ ਤੋਂ ਮੇਰੇ ਦੋਸਤ ਪ੍ਰੋਫੈਸਰ ਤਨਵੀਰ ਸਾਦਿਕ ਅਤੇ ਨੂਰ ਮੁਹੰਮਦ ਜੱਟ ਸਾਹਿਬ ਅਤੇ ਕਈ ਦੋਸਤਾਂ ਦੇ ਹਰ ਹਫਤੇ ਕਈ ਫੋਨ ਆਉਂਦੇ ਕਿ ਆਓ ਕਰਤਾਰਪੁਰ ਸਾਹਿਬ ਆ ਕੇ ਮਿਲ ਲਈਏ। ਲਗਭਗ ਇੱਕ ਦਹਾਕਾ ਪਹਿਲਾਂ ਅਸੀਂ ਪ੍ਰੋਫੈਸਰ ਤਨਵੀਰ ਸਾਹਿਬ ਦੀ ਬੇਟੀ ਦੀ ਸ਼ਾਦੀ 'ਤੇ ਲਾਹੌਰ ਗਏ ਸੀ ਉਹ ਵੀ ਸਾਡੇ ਕੋਲ 8-10 ਸੱਜਣ ਲੇਖਕ ਗੁਰਦਾਸਪੁਰ ਆਏ ਸੀ। ਅਸੀਂ ਉਹਨਾ ਨੂੰ ਸਮਾਗਮ'ਤੇ ਬੁਲਾਇਆ ਸੀ, ਇੱਕ ਮੇਲ ਮਿਲਾਪ ਨਾਲ ਸਾਂਝੀ ਵਾਲਤਾ ਦੀ ਇੱਕ ਗਹਿਰੀ ਰਿਸ਼ਤੇ ਨੁਮਾ ਦੋਸਤੀ ਹੋ ਗਈ। ਬਸ ਜਦੋਂ ਕਰਤਾਰਪੁਰ ਸਾਹਿਬ ਜਾਣ ਦਾ ਰਸਤਾ ਖੁੱਲਿਆ ਉਦੋਂ ਤੋਂ ਹੀ ਦੋਵੇਂ ਪਾਸੇ ਸਾਡੇ ਵਿੱਚ ਦਿਲ ਖਿੱਚਵੀਂ ਤਾਂਘ ਤਾਂ ਸੀ ਕਿ ਜਲਦੀ ਤੋਂ ਜਲਦੀ ਆਪਸ ਵਿੱਚ ਮਿਲੀਏ ਤਾਂ ਆਖਿਰ ਮੇਰੇ ਪਰਮ ਮਿੱਤਰ ਉੱਘੇ ਕਹਾਣੀਕਾਰ ਰਾਜੇਸ਼ ਗੁਪਤਾ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਸਾਡਾ ਮਨ ਬਣ ਗਿਆ ਕਿ ਕਰਤਾਰਪੁਰ ਸਾਹਿਬ ਚੱਲੀਏ ਬਸ ਉਹਨਾਂ ਦੀ ਦੁਕਾਨ 'ਤੇ ਬੈਠੇ-ਬੈਠੇ ਫੈਸਲਾ ਲੈ ਲਿਆ। ਰਾਜੇਸ਼ ਗੁਪਤਾ ਦੀ ਹਨੂਮਾਨ ਚੌਂਕ ਗੁਰਦਾਸਪੁਰ ਵਿਖੇ ਹਾਰਡਵੇਅਰ ਦੀ ਦੁਕਾਨ ਹੈ ਜਿੱਥੇ ਸਾਹਿਤਕਾਰਾਂ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ। ਰਾਜੇਸ਼ ਗੁਪਤਾ ਜੀ ਕਹਿਣ ਲੱਗੇ ਕਿ ਮੇਰਾ ਸਾਰਾ ਪਰਿਵਾਰ ਹੀ ਜਾਵੇਗਾ ਅਤੇ ਨਾਲ ਕੁਝ ਹੋਰ ਰਿਸ਼ਤੇਦਾਰ ਵੀ, ਖੈਰ ਅਸੀਂ ਇੱਕ ਕੰਪਿਊਟਰ ਕੈਫੇ ਤੋਂ ਫਾਰਮ ਭਰਵਾ ਕੇ ਭੇਜਣ ਦਾ ਮਨ ਬਣਾ ਲਿਆ। ਕਰਤਾਰਪੁਰ ਸਾਹਿਬ ਜਾਣ ਲਈ ਇੱਕ ਮਹੀਨਾ ਬਾਅਦ 12 ਮਈ ਐਤਵਾਰ ਦੀ ਤਾਰੀਖ ਮਿਲ ਗਈ। ਐਤਵਾਰ ਸਾਰਿਆਂ ਨੂੰ ਠੀਕ ਬੈਠਦਾ ਸੀ, ਛੁੱਟੀ ਵਾਲਾ ਦਿਨ ਸੀ ਕਰਤਾਰਪੁਰ ਸਾਹਿਬ ਜਾਣ ਲਈ ਗੂਗਲ ਤੋਂ ਖੋਜੋ ਕਰਤਾਰਪੁਰ ਕੋਰੀਡੋਰ ਆਨਲਾਈਨ ਇਸ ਵਿੱਚ ਜਾਣ ਲਈ ਫਾਰਮ ਆ ਜਾਣਗੇ ਜੇ ਤੁਸੀਂ ਆਪ ਭਰ ਸਕਦੇ ਹੋ ਤਾਂ ਠੀਕ ਹੈ ਨਹੀਂ ਤਾਂ ਕਿਸੇ ਵੀ ਕੈਫੇ ਤੋਂ ਭਰਵਾ ਲਵੋ। ਤੁਹਾਨੂੰ ਬੇਸ਼ੱਕ ਥੋੜ੍ਹ ਦੇਰ ਪਰ ਮਨ ਮਰਜ਼ੀ ਦੀ ਤਾਰੀਖ ਮਿਲ ਸਕਦੀ ਹੈ। ਕਰਤਾਰਪੁਰ ਸਾਹਿਬ ਜਾਣ ਲਈ ਤੁਹਾਡਾ ਪਾਸਪੋਰਟ, ਕੋਰੋਨਾ ਸਰਟੀਫਿਕੇਟ, ਦੋ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ ਜ਼ਰੂਰੀ ਹਨ। ਪਾਸਪੋਰਟ ਸਿਰਫ ਪਹਿਚਾਣ ਪੱਤਰ ਲਈ ਇਸ ਉੱਪਰ ਕੋਈ ਮੋਹਰ ਨਹੀਂ ਲੱਗਦੀ। ਮੈਂ ਆਪਣੇ ਕੁਝ ਸ਼ਾਇਰ ਲੇਖਕ ਦੋਸਤਾਂ ਨੂੰ ਫੋਨ ਕੀਤਾ ਕਿ ਚਲੋ ਸ਼੍ਰੀ ਕਰਤਾਰਪੁਰ ਸਾਹਿਬ ਚੱਲੀਏ ਉਨਾਂ ਨੂੰ ਕਹਿਣ ਦੀ ਦੇਰ ਸੀ ਉਹ ਝੱਟ ਮੰਨ ਗਏ। ਦੋਸਤਾਂ ਨੂੰ ਕਿਹਾ ਕਿ ਪਾਕਿਸਤਾਨ ਲਾਹੌਰ ਤੋਂ ਵੀ ਕੁਝ ਦੋਸਤ ਸਾਨੂੰ ਉੱਥੇ ਮਿਲਣ ਲਈ ਆਉਣਗੇ। ਸਭ ਜਾਣ ਲਈ ਤਿਆਰ ਹੋ ਗਏ।

ਪਠਾਨਕੋਟ ਪੰਜਾਬ ਭਾਰਤ ਤੋਂ ਪ੍ਰਸਿੱਧ ਸ਼ਾਇਰ ਪਾਲ ਗੁਰਦਾਸਪੁਰੀ ਰਾਜ ਗੁਰਦਾਸਪੁਰੀ ਮਨਮੋਹਣ ਢਕਾਲਵੀ ਅਤੇ ਉਨਾਂ ਦੀ ਧਰਮ ਪਤਨੀ ਸ਼੍ਰੀਮਤੀ ਕੁਲਵੰਤ ਕੌਰ ਡਾਕਟਰ ਕੇਵਲ ਕ੍ਰਿਸ਼ਨ ਜੇਪੀ ਕਰਲਾਂਵਾਲਾ, ਮੰਗਲਦੀਪ, ਐਡਵੋਕੇਟ ਰਾਜਪਾਲ ਸਿੰਘ, ਰਾਜੇਸ਼ ਗੁਪਤਾ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਨੀਤੂ ਗੁਪਤਾ, ਡਾਕਟਰ ਮਹਿਕਜੋਤ, ਹਰ ਰਾਜਵਿੰਦਰ ਸਿੰਘ, ਸੁਰਿੰਦਰ ਕੌਰ, ਵਿਕਰਾਂਤ ਗੁਪਤਾ, ਕੁਲਵੰਤ ਕੌਰ, ਸੰਦੇਸ਼ ਕੁਮਾਰੀ ਅਤੇ ਮੈਂ ਬਲਵਿੰਦਰ ਬਾਲਮ ਅਤੇ ਪਤਨੀ ਬਲਵੀਰ ਕੌਰ ਸਭ ਨੇ ਇਕੱਠੇ ਫਰਮ ਭਰ ਕੇ ਭੇਜ ਦਿੱਤੇ। ਕੁਝ ਦਿਨਾਂ ਬਾਅਦ ਪੁਲਿਸ ਇਨਕੁਆਇਰੀ ਹੋਈ। ਪੁਲਿਸ ਸਟੇਸ਼ਨ ਤੋਂ ਇੱਕ ਫਾਰਮ ਮਿਲਦਾ ਹੈ ਇਸ ਫਾਰਮ ਨੂੰ ਕਿਸੇ ਵੀ ਮੋਹਤਬਾਰ ਵਿਅਕਤੀ ਐਮ.ਐਲ.ਏ., ਐਮ.ਸੀ. ਜਾਂ ਸਰਪੰਚ ਦੁਆਰਾ ਤਸਦੀਕ ਕੀਤਾ ਜਾਂਦਾ ਹੈ। ਇਸ ਫਾਰਮ ਦੇ ਖੱਬੇ ਪਾਸੇ ਤੁਹਾਡੀ ਫੋਟੋ ਲੱਗਦੀ ਹੈ ਅਤੇ ਫੋਟੋ ਦੇ ਨਾਲ ਕਿਸੇ ਇੱਕ ਪਰਿਸ਼ਚਿਤ ਵਿਅਕਤੀ ਦੀ ਗਵਾਹੀ ਪੈਂਦੀ ਹੈ। ਇਸ ਗਵਾਹੀ ਵਿੱਚ ਪਰਿਚਿਤ ਵਿਅਕਤੀ ਦੇ ਦਸਤਖ਼ਤ, ਪੂਰਾ ਪਤਾ ਅਤੇ ਮੋਬਾਇਲ ਨੰਬਰ ਹੁੰਦਾ ਹੈ। ਇਸ ਪੁਲਿਸ ਇਨਕੁਆਇਰੀ ਤੋਂ ਬਾਅਦ ਇੱਕ ਟਿਕਟ ਨੁਮਾ ਦਸਤਾਵੇਜ ਫਾਰਮ ਮਿਲ ਜਾਂਦਾ ਹੈ ਉਸ ਨੂੰ ਕੈਫੇ ਤੋਂ ਰੰਗਦਾਰ ਪ੍ਰਿੰਟ ਵਿੱਚ ਕਢਵਾਉਣਾ ਹੁੰਦਾ ਹੈ ਜੋ ਸਬੂਤ ਲਈ ਜਰੂਰੀ ਹੈ। ਜਾਣ ਤੋਂ ਪਹਿਲਾਂ ਇੱਕ ਦਿਨ ਕੋਵਿਡ ਟੈਸਟ ਸਰਟੀਫਿਕੇਟ ਨਾਲ ਲਿਜਾਣਾ ਜ਼ਰੂਰੀ ਹੈ। ਅਸਾਂ ਸਭ ਨੇ ਫੋਨ ਉੱਪਰ ਗੱਲਬਾਤ ਕਰਕੇ ਜਾਣ ਲਈ ਸਮਾਂ ਸਥਾਨ ਨਿਸ਼ਚਿਤ ਕਰ ਲਿਆ ਜੋ ਤਾਰੀਖ ਮਿਲੀ ਸੀ ਉਸ ਦੇ ਅਨੁਸਾਰ 12 ਮਈ ਨੂੰ ਅਸੀਂ ਗੁਰਦਾਸਪੁਰ ਤੋਂ ਲਗਭਗ ਸਵੇਰੇ ਸਾਢੇ ਸੱਤ ਵਜੇ ਦੇ ਕਰੀਬ ਆਪਣੀਆਂ ਗੱਡੀਆਂ ਉੱਪਰ ਚਲੇ ਗਏ। ਪਠਾਨਕੋਟ ਵਾਲੇ ਸਾਥੀ ਵੀ ਨਿਸ਼ਚਿਤ ਸਮੇਂ ਤੇ ਚੱਲ ਪਏ। ਅਸੀਂ ਸਾਰੇ ਜਣੇ ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਵਿਖੇ ਲਗਭਗ ਇੱਕ ਘੰਟੇ ਵਿੱਚ ਪਹੁੰਚ ਗਏ। ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਕੋਰੀਡੋਰ ਲਗਭਗ 40 ਕਿਲੋਮੀਟਰ ਦੇ ਕਰੀਬ ਹੈ। ਡੇਰਾ ਬਾਬਾ ਨਾਨਕ ਦਾ ਖ਼ੂਬਸੂਰਤ ਅਲੀਸ਼ਾਨ ਆਕਰਸ਼ਣ ਭਰਪੂਰ ਕੋਰੀਡੋਰ ਵੇਖ ਕੇ ਮਨ ਬਾਗ਼ ਬਾਗ਼ ਹੋ ਗਿਆ। ਸਭ ਨੂੰ ਚਾਅ ਚੜ੍ਹ ਗਏ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਹਕ਼ੀਕ਼ਤ ਵਿੱਚ ਹੀ ਅਸੀਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਚੱਲੇ ਹਾਂ। ਉਹਨਾਂ ਦੀ ਇੱਕ ਤਸਵੀਰ ਜ਼ਿਹਨ ਵਿੱਚ ਉਤਰਨ ਲੱਗੀ, ਜਿਵੇਂ ਆਪਣੇ ਵਿਛੜੇ ਮਹਾਨ ਤੀਰਥ ਸਥਾਨ ਨੂੰ ਵੇਖਣ ਚੱਲੇ ਹੋਈਏ ਜਿਵੇਂ ਆਪਣੀ ਵਿਛੜੀ ਧਰਤੀ ਦਾ ਨਿੱਘ ਮਾਨਣ ਲਈ ਉਸ ਦਾ ਅਸ਼ੀਰਵਾਦ,ਉਸ ਦੀਆਂ ਸ਼ੁਭਕਾਮਨਾਵਾਂ ਲੈਣ ਲਈ ਜਾ ਰਹੇ ਹੋਈਏ। ਸਾਰਾ ਤਨ ਮਨ ਰੂਹ ਭਾਵੁਕ ਹੋ ਗਏ ਜਿਵੇਂ ਆਪਣੇ ਦਾਦੇ ਨੂੰ ਮਿਲਣ ਲਈ ਜਾ ਰਹੇ ਹੋਈਏ। ਮਨ ਵਿੱਚ ਤਾਂਘ ਵਲੇਵੇ ਖਾਣ ਲੱਗੀ। ਡੇਰਾ ਬਾਬਾ ਨਾਨਕ ਕੋਰੀਡੋਰ ਨੂੰ ਲੈਂਡਸਕੇਪਿੰ, ਤਰ੍ਹਾਂ-ਤਰ੍ਹਾਂ ਦੇ ਸਟੈਚੂ ਖ਼ੂਬਸੂਰਤ ਸ਼ਿਲਪ ਦੀ ਕਾਰੀਗਰੀ ਆਕਰਸ਼ਕ ਬਣਾਵਟ ਸਜਾਵਟ ਅਤੇ ਸੱਭਿਆਚਾਰ ਦੀ ਰਹੂ ਰੀਤੀ ਦਾ ਰੰਗ ਰੂਪ ਦਿੱਤਾ ਹੋਇਆ ਸੀ। ਪ੍ਰਵੇਸ਼ ਕਰਦੇ ਹੀ ਨਿੱਕਾ ਨਿੱਕਾ ਮੀਂਹ ਸਾਡਾ ਸਵਾਗਤ ਕਰਨ ਲੱਗਾ। ਨਿੱਕਾ ਨਿੱਕਾ ਜਾਲੀਦਾਰ ਮੀਂਹ ਜੀ ਆਇਆਂ ਨੂੰ ਕਹਿੰਦਾ ਹੋਇਆ ਕਦੀ ਤੇਜ਼ ਤੇ ਕਦੀ ਮਧਮ ਸੰਗੀਤ ਦੀਆਂ ਧੁੰਨਾਂ ਛੇੜਨ ਲੱਗਿਆ ਅਤੇ ਗਰਮੀ ਵਿੱਚ ਮੌਸਮ ਸੁਹਾਣਾ ਦਿਲਕਸ਼ ਹੋ ਗਿਆ ਸੀ। ਮੌਸਮ ਨੇ ਜਿਵੇਂ ਮਰਮ ਸਪਰਸ਼ੀ ਬਹਾਰ ਲੈ ਆਉਂਦੀ ਹੋਵੇ। ਪ੍ਰਵੇਸ਼ ਦੁਆਰ 'ਤੇ ਅੱਗੇ ਜਾ ਕੇ ਏਅਰਪੋਰਟ ਦੀ ਤਰਜ਼ ਵਰਗੀ ਚੈਕਿੰਗ। ਇੱਥੇ ਸਾਡੇ ਪਾਸਪੋਰਟ, ਟਿਕਟਾਂ ਵਾਲਾ ਫਾਰਮ, ਕੋਵਿਡ ਫਾਰਮ ਆਦਿ ਚੈੱਕ ਕੀਤੇ ਗਏ, ਇੱਕ ਇੱਕ ਚੀਜ਼ ਦੀ ਚੈਕਿੰਗ, ਚੈਕਿੰਗ ਜ਼ਰੂਰਤ ਤੋਂ ਜ਼ਿਆਦਾ ਸੀ ਜਾਂ ਠੀਕ ਸੀ। ਸਾਡੇ ਲੇਖਕ ਦੋਸਤਾਂ ਨੇ ਆਪਣੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਨਾਲ ਲਿਆਂਦੀਆਂ ਸੀ ਕਿ ਉੱਥੇ ਜਾ ਕੇ ਪਾਕਿਸਤਾਨ ਦੇ ਦੋਸਤਾਂ ਨੂੰ ਦੇਵਾਂਗੇ ਅਤੇ ਉਹਨਾਂ ਕੋਲੋਂ ਪੁਸਤਕ ਵਿਮੋਚਨ ਵੀ ਕਰਵਾਵਾਂਗੇ ਪਰ ਸਿਕਿਉਰਟੀ ਗਾਰਡ ਵਾਲਿਆਂ ਨੇ ਪੁਸਤਕਾਂ ਲਿਜਾਣ ਤੋਂ ਮਨ੍ਹਾ ਕਰ ਦਿੱਤਾ। ਤੁਸੀਂ ਪੁਸਤਕਾਂ ਜਾਂ ਕੋਈ ਵੀ ਲਿਟਰੇਚਰ ਨਾਲ ਨਹੀਂ ਲਿਜਾ ਸਕਦੇ। ਭਾਰਤੀ ਕਰੰਸੀ ਤੋਂ ਇਲਾਵਾ ਹੋਰ ਕੋਈ ਕਰੰਸੀ ਨਾਲ ਨਹੀਂ ਲਿਜਾ ਸਕਦੇ।

ਆਪਣੇ ਦੋਸਤ ਜਨਾਬ ਨੂਰ ਅਹਿਮਦ ਜੱਟ ਹੋਰਾਂ ਲਈ ਇੱਕ ਕੈਨੇਡੀਅਨ ਘੜੀ, ਇੱਕ ਪਰਫਿਊਮ ਦੀ ਸ਼ੀਸ਼ੀ, ਉਸ ਦੀ ਬੇਗ਼ਮ ਦਾ ਪੰਜਾਬੀ ਸੂਟ ਅਤੇ ਉਸ ਦੇ ਪੁੱਤਰ ਲਈ ਕੱਪੜੇ ਖੜੇ ਸੀ। ਸਿਕਿਉਰਟੀ ਵਾਲਿਆਂ ਪੰਗਾ ਖੜ੍ਹਾ ਕਰ ਦਿੱਤਾ ਕਿ ਤੁਸੀਂ ਘੜੀ ਨਾਲ ਨਹੀਂ ਲਿਜਾ ਸਕਦੇ। ਮੈਂ ਉਹਨਾਂ ਨੂੰ ਬੇਨਤੀ ਕੀਤੀ ਕਿ ਮੇਰੇ ਪਾਕਿਸਤਾਨੀ ਦੋਸਤ ਹਨ, ਅਸੀਂ ਇੱਕ ਦੂਸਰੇ ਦੇ ਸ਼ੁਭ ਕਾਰਜਾਂ ਵਿੱਚ ਮਿਲਦੇ ਰਹਿੰਦੇ ਹਾਂ ਕਿਉਂਕਿ ਮੇਰੇ ਪਾਸਪੋਰਟ ਉੱਪਰ ਪਹਿਲਾਂ ਵੀ ਲਾਹੌਰ ਦੀ ਐਂਟਰੀ ਹੋਈ ਸੀ। ਉਹਨਾਂ ਮੇਰੇ ਤੋਂ ਕਾਫੀ ਪੁੱਛਗਿਛ ਕੀਤੀ ਪਰ ਮੈਂ ਘੜੀ ਨਾਲ ਜਾਣ ਲਈ ਬਜਿੱਦ ਸਾਂ। ਆਖ਼ਿਰ ਉਸ ਮਹਿਲਾ ਕਰਮਚਾਰੀ ਨੇ ਆਪਣੇ ਉੱਚ ਅਧਿਕਾਰੀ ਨਾਲ ਗੱਲ ਕੀਤੀ ਕਿ ਇੱਕ ਲੇਖਕ ਪੱਤਰਕਾਰ ਹਨ ਜੋ ਆਪਣੇ ਦੋਸਤ ਲਈ ਘੜੀ ਆਦਿ ਸਾਮਾਨ ਲਿਜਾਣਾ ਚਾਹੁੰਦੇ ਹਨ।

ਉਹਨਾਂ ਨੇ ਕੁਝ ਸੋਚ ਵਿਚਾਰ ਤੋਂ ਬਾਅਦ ਇਜਾਜ਼ਤ ਦੇ ਦਿੱਤੀ। ਇਸ ਤੋਂ ਬਾਅਦ ਇੱਕ ਕਤਾਰ ਦੇ ਰੂਪ ਵਿੱਚ ਸਭ ਨੂੰ ਪੋਲੀਓ ਬੂੰਦਾ ਪਿਲਾਈਆਂ ਗਈਆਂ। ਸਾਰੇ ਸਾਮਾਨ ਦੀ ਫਿਰ ਤੋਂ ਚੈਕਿੰਗ ਕੀਤੀ। ਚੈਕਿੰਗ ਤੋਂ ਬਾਅਦ ਇੱਕ ਆਖ਼ਰੀ ਹਾਲ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਦੇ ਬਾਹਰ ਰਿਕਸ਼ੇਨੁਮਾ ਇਲੈਕਟਰੋਨਿਕ ਕਾਰਾਂ ਵਿੱਚ ਬਿਠਾ ਕੇ ਸਾਨੂੰ ਭਾਰਤ ਪਾਕਿਸਤਾਨ ਸੀਮਾ ਤੱਕ ਪਹੁੰਚਾਇਆ। ਉੱਥੇ ਚੈਕਿੰਗ ਕੀਤੀ। ਭਾਰਤ ਪਾਕਿਸਤਾਨ ਸੀਮਾ ਵੇਖ ਕੇ ਸਭ ਦਾ ਮਨ ਖੁਸ਼ ਹੋ ਗਿਆ। ਖੁਸ਼ੀ ਰੂਹ ਤੱਕ ਉਤਰ ਗਈ ਉੱਥੇ ਅਸੀਂ ਸਭ ਨੇ ਗਰੁੱਪ ਫੋਟੋ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਐਕਸ਼ਨ ਵਿੱਚ ਫੋਟੋਆਂ ਖਿਚਵਾਈਆਂ ਤਾਂ ਕਿ ਇੱਕ ਯਾਦ ਸਾਂਭੀ ਰਹੇ। ਪਾਕਿਸਤਾਨ ਸੀਮਾਂ 'ਤੇ ਇੱਕ ਖ਼ੂਬਸੂਰਤ ਬਸ ਖੜ੍ਹੀ ਸੀ ਜਿਸ ਵਿੱਚ ਅਸੀਂ ਤੇ ਹੋਰ ਯਾਤਰੀ ਸ਼ਰਧਾਲੂ ਬੈਠ ਗਏ। ਥੋੜ੍ਹੀ ਦੇਰ ਬਾਅਦ ਬਸ ਚੱਲ ਪਈ, ਮੱਧਮ ਰਫਤਾਰ ਵਿੱਚ ਬੱਸ ਵਿੱਚ ਪੰਜਾਬੀ ਗੀਤ ਸੁਣਾਈ ਦੇਣ ਲੱਗੇ। ਪੰਜਾਬੀਅਤ ਦਾ ਰੰਗ ਬੱਝ ਗਿਆ। ਪਾਕਿਸਤਾਨ ਅਤੇ ਪੰਜਾਬ ਦਾ ਇਲਾਕਾ ਇਵੇਂ ਮਹਿਸੂਸ ਹੋਣ ਲੱਗਾ ਜਿਵੇਂ ਵਿਛੜੇ ਹੋਏ ਦੋ ਸਕੇ ਭਰਾ ਹੋਣ। ਸਭ ਕੁਝ ਮਿਲਦਾ ਜੁਲਦਾ। ਮੈਨੂੰ ਯਾਦ ਆ ਗਏ ਉਹ ਦਿਨ ਮੇਰੇ ਨਾਨਕੇ ਤੇਗ ਬਾਬਾ ਨਾਨਕ ਵਿਖੇ ਸਨ। ਅਸੀਂ ਛੋਟੇ ਹੁੰਦੇ ਪਾਕਿਸਤਾਨ ਭਾਰਤ ਸੀਮਾ ਦੇ ਖੇਤਾਂ ਵਿੱਚ ਜਾਇਆ ਕਰਦੇ ਸਾਂ, ਸਾਡੀ ਨਾਨਕਿਆਂ ਦੀ ਜ਼ਮੀਨ ਬਿਲਕੁਲ ਪਾਕਿਸਤਾਨ ਸੀਮਾ ਦੇ ਨਾਲ ਸੀ। ਉਦੋਂ ਵਿਚਕਾਰ ਕੰਡਿਆਲੀ ਤਾਰ ਜਾਂ ਧੁੱਸੀ ਨਹੀਂ ਸੀ ਹੁੰਦੀ। ਸਿਰਫ ਇੱਕ ਟਰੈਕਟਰ ਦੇ ਸਿਆੜ ਦੀ ਸੀਮਾ ਰੇਖਾ ਹੁੰਦੀ ਹੈ, ਅਸੀਂ ਸੀਮਾ ਪਾਰ ਕਰਕੇ ਪਾਕਿਸਤਾਨ ਕਿਸਾਨਾਂ ਦੇ ਘਰਾਂ ਵਿੱਚ ਵੀ ਚਲੇ ਜਾਂਦੇ ਸਾਂ, ਉਹ ਵੀ ਆ ਜਾਂਦੇ ਸੀ। ਸੀਮਾ 'ਤੇ ਏਨੇ ਸਖ਼ਤ ਪਹਿਰੇ ਨਹੀਂ ਸਨ, ਚੇਤਾਵਨੀ ਜ਼ਰੂਰੀ ਹੁੰਦੀ ਸੀ। ਪਾਕਿਸਤਾਨ ਦੀ ਧਰਤੀ ਵੇਖ ਕੇ ਮੈਨੂੰ ਮੇਰਾ ਬਚਪਨ ਯਾਦ ਆ ਗਿਆ ਕਿ ਕਿਸ ਤਰ੍ਹਾਂ ਅਸੀਂ ਭਰਾਵਾਂ ਵਾਂਗੂੰ ਇੱਕ ਦੂਸਰੇ ਨੂੰ ਮਿਲਦੇ ਸੀ। ਇਹ ਪਰੰਪਰਾ ਪਿਆਰ ਮੁਹੱਬਤ ਅੱਜ ਵੀ ਬਰਕਰਾਰ ਹੈ, ਬਸ ਚੱਲਣ ਲੱਗਿਆਂ ਸੰਗਤਾਂ ਨੇ ਪੂਰੇ ਜੋਸ਼ੋ ਖਰੋਸ਼ ਨਾਲ ਪੂਰੇ ਆਤਮ ਬਲ ਨਾਲ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡ ਦਿੱਤੇ। ਸਤਿਨਾਮ ਸ਼੍ਰੀ ਵਾਹਿਗੁਰੂ ਜੀ ਦਾ ਪਾਠ ਉਚਾਰਨ ਸ਼ੁਰੂ ਹੋ ਗਿਆ, ਇੱਕ ਸਿੰਘ ਸਾਹਿਬਾਨ ਪਹਿਲਾਂ ਸਤਿਨਾਮ ਵਾਹਿਗੁਰੂ ਬੋਲਦੇ ਅਤੇ ਉਹਨਾਂ ਦੇ ਉਚਾਰਨ ਪਿੱਛੇ ਸ਼ਰਧਾਲੂ ਉਹ ਵੀ ਬੋਲਦੇ। ਨਜ਼ਾਰੇ ਦੀਆਂ ਸੀਮਾਂ ਹੀ ਖ਼ਤਮ। ਬਰਲਿਨ ਦੀ ਦੀਵਾਰ ਮੈਨੂੰ ਯਾਦ ਆ ਗਈ।

ਪਾਕਿਸਤਾਨ ਦੇ ਕੋਰੀਡੋਰ ਵਿੱਚ ਬਸ ਪ੍ਰਵੇਸ਼ ਕਰ ਗਈ। ਭਾਰਤ ਪਾਕਿਸਤਾਨ ਸੀਮਾ ਤੋਂ ਇਹ ਕੋਰੀਡੋਰ ਲਗਭਗ 5 ਕਿਲੋਮੀਟਰ ਦੂਰ ਹੈ, ਚਾਰੇ ਪਾਸੇ ਖੇਤ ਦੇ ਦ੍ਰਿਸ਼ ਉੱਥੇ ਬੱਸ ਰੁਕਦੀ ਹੈ ਸਭ ਉੱਤਰ ਜਾਂਦੇ ਹਨ। ਇਸ ਦੇ ਨਾਲ ਸੱਜੇ ਪਾਸੇ ਛੱਤ ਵਾਲਾ ਖੁੱਲਾ ਪਲੇਟਫਾਰਮ ਹੈ ਇੱਥੋਂ ਪਾਕਿਸਤਾਨੀ ਕਰੰਸੀ ਮਿਲਦੀ ਹੈ। ਤੁਸੀਂ ਇੱਥੇ ਜਿੰਨੀ ਮਰਜ਼ੀ ਇੱਛਾ ਮੁਤਾਬਿਕ ਕਰੰਸੀ ਲੈ ਸਕਦੇ ਹੋ ਇੱਥੇ ਹੀ ਅਧਿਕਾਰੀ ਪ੍ਰਵੇਸ਼ ਫੀਸ ਅਮਰੀਕਾ ਦੇ 20 ਡਾਲਰ ਲੈਂਦੇ ਹਨ। ਅਸੀਂ ਸਭ ਨੇ ਪਾਕਿਸਤਾਨੀ ਕਰੰਸੀ ਜ਼ਰੂਰਤ ਮੁਤਾਬਿਕ ਲੈ ਲਈ। ਉੱਥੇ ਖਰੀਦੋ ਫਰੋਖ਼ਤ ਲਈ ਮਿੰਨੀ ਬਾਜ਼ਾਰ ਵੀ ਹੈ ਜੋ ਆਰਜੀ ਤੌਰ 'ਤੇ ਬਣਾਇਆ ਗਿਆ ਹੈ। ਪਾਕਿਸਤਾਨ ਦੀ ਕਰੰਸੀ ਦੇ ਮੁਤਾਬਿਕ ਭਾਰਤ ਦਾ ਇੱਕ ਰੁਪੱਈਆ ਅਤੇ ਪਾਕਿਸਤਾਨ ਦੇ ਦੋ ਰੁਪਈਏ ਅੱਸੀ ਪੈਸੇ ਬਣਦੇ ਹਨ। ਕਰੰਸੀ ਚੈੱਕ ਕਰਨ ਤੋਂ ਬਾਅਦ ਪਾਕਿਸਤਾਨ ਚੈਕਿੰਗ ਵਿਭਾਗ ਦੀ ਇਮਾਰਤ ਸ਼ੁਰੂ ਹੋ ਜਾਂਦੀ ਹੈ। ਇਸ ਦੇ ਪ੍ਰਵੇਸ਼ ਦੁਆਰ ਤੋਂ ਪਹਿਲਾਂ ਕਈ ਏਕੜ ਖੁੱਲ੍ਹਾ ਡੁੱਲਾ ਖ਼ੂਬਸੂਰਤ ਪਾਰਕ ਹੈ ਇਸ ਪਾਰਕ ਵਿੱਚ ਸ਼੍ਰੀ ਕਿਰਪਾਨ ਸਾਹਿਬ ਦਾ ਦਿਲਕਸ਼ ਸਟੈਚੂ ਮਿਆਨ ਵਿੱਚ ਬੰਦ ਨਜ਼ਰ ਆਉਂਦਾ ਹੈ ਜਿਸ ਦੀ ਮਿਆਨ ਨੂੰ ਖ਼ੂਬਸੂਰਤ ਸ਼ੈਲੀ ਅਤੇ ਸ਼ਿਲਪ ਵਿੱਚ ਸਜਾਇਆ ਗਿਆ ਹੈ। ਸਿੱਖ ਸੱਭਿਆਚਾਰ ਦਾ ਸੁੰਦਰ ਪ੍ਰਤੀਕ। ਇੱਥੇ ਸਭਨਾ ਫੋਟੋਆਂ ਖਿੱਚਵਾਈਆਂ, ਮੀਹ ਫਿਰ ਮੱਧਮ ਸੰਗੀਤ ਦੀ ਧੁੰਨਾ ਛੇੜਨ ਲੱਗ ਪਿਆ। ਅਸੀਂ ਜਲਦੀ ਜਲਦੀ ਚੈਕਿੰਗ ਵਿਭਾਗ ਦੀ ਇਮਾਰਤ ਵਿੱਚ ਪ੍ਰਵੇਸ਼ ਕਰ ਗਏ ਉੱਥੇ ਫਿਰ ਪੂਰੀ ਚੈਕਿੰਗ ਸਾਰੇ ਕਾਗਜ਼ਾਤ ਵੇਖੇ ਜਾਂਦੇ ਹਨ। ਇੱਕ ਬੈਗ ਵਿਚ ਤੁਸੀਂ ਸੱਤ ਤੋਂ ਅੱਠ ਕਿਲੋ ਭਾਰ ਨਾਲ ਲਿਜਾ ਸਕਦੇ ਹੋ। ਇਸ ਇਮਾਰਤ ਤੋਂ ਬਾਹਰ ਫਿਰ ਬੱਸਾਂ ਲੱਗੀਆਂ ਹੋਈਆਂ ਸੀ, ਸਭ ਯਾਤਰੀ ਬੈਠ ਗਏ। ਫਿਰ ਜੈਕਾਰਿਆਂ ਦੀ ਗੂੰਜ ਬੱਸ ਨੇ ਸਭ ਨੂੰ ਕਰਤਾਰਪੁਰ ਸਾਹਿਬ ਦੇ ਬਾਹਰ ਚੈਕਿੰਗ ਪੋਸਟ ਤੇ ਉਤਾਰ ਦਿੱਤਾ। ਉਸ ਦੇ ਬਾਹਰ ਨਿਕਲਦਿਆਂ ਹੀ ਸ਼੍ਰੀ ਦਰਬਾਰ ਸਾਹਿਬ ਦੀ ਸਹੀ ਇਮਾਰਤ ਨਜ਼ਰ ਆਉਂਦੀ ਹੈ। ਇੱਕ ਉਤਸੁਕਤਾ ਵਿੱਚ ਜਗਿਆਸਾ ਨੂੰ ਖੰਭ ਲੱਗ ਗਏ। ਸਭ ਤੋਂ ਪਹਿਲਾਂ ਦਰਸ਼ਨੀ ਡਿਉੜੀ ਦੇ ਮਨਮੋਹਣੇ ਦਰਸ਼ਨ। ਸਭ ਕੁਝ ਇੱਕ ਨਾਟਕ ਵਾਂਗ ਦਿਖਾਈ ਦੇ ਰਿਹਾ ਸੀ ਕਿ ਅਗੇ ਕੀ ਹੋਵੇਗਾ। ਇਕਾਗਰਤਾ ਅਧਿਆਤਮਿਕਤਾ ਨੂੰ ਛੂਹ ਰਹੀ ਸੀ। ਦਰਸ਼ਨੀ ਡਿਊੜੀ ਦੇ ਮੁੱਖ ਦੁਆਰ ਤੇ ਜਦੋਂ ਸ਼ਰਧਾਲੂ ਅੰਦਰ ਪ੍ਰਵੇਸ਼ ਕਰਨ ਲਗਦੇ ਹਨ, ਉਨ੍ਹਾਂ ਨੂੰ ਉਥੇ ਰੋਕ ਕੇ ਇਕ ਮੁਸਲਮਾਨ ਮੁਲਾਜ਼ਿਮ ਅਤੇ ਪਾਕਿਸਤਾਨੀ ਸਿੱਖ ਲੜਕੀ ਨੇ ਸਭ ਨੂੰ ਸ੍ਰੀ ਕਰਤਾਰਪੁਰ ਸਾਹਿਬ ਦੀ ਸੰਖੇਪ ਜਿਹੀ ਜਾਣਕਾਰੀ ਦਿੱਤੀ। ਕਿਥੇ ਕੀ ਹੈ? ਸਭ ਕੁਝ ਸਮਝਾਉਂਦੇ ਹਨ।

ਇਸ ਤੋਂ ਬਾਅਦ ਅਸੀਂ ਅੰਦਰ ਪ੍ਰਵੇਸ਼ ਕੀਤਾ ਤਨ ਮਨ ਰੂਹ ਆਨੰਦਿਤ ਹੋਈ ਜਾ ਰਹੀ ਸੀ। ਜਿਵੇਂ ਹਕ਼ੀਕ਼ਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣੇਂ ਹੋਣ। ਪ੍ਰਵੇਸ਼ ਦੁਆਰ ਦੇ ਬਰਾਮਦੇ ਵਿਚੋਂ ਅੰਦਰਲੇ ਸਾਰੇ ਦ੍ਰਿਸ਼ ਨਜ਼ਰ ਆਉਂਦੇ ਹਨ। ਸੰਗਮਰਮਰ ਦਾ ਦਿਲਕਸ਼ ਫਰਸ਼, ਸਾਰੀ ਇਮਾਰਤ ਸਫ਼ੇਦ ਰੰਗ ਦੀ ਜਿਵੇਂ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਪ੍ਰਵੇਸ਼ ਦੁਆਰ ਦੇ ਨਾਲ ਖੱਬੇ ਪਾਸੇ ਜੋੜਾ ਘਰ ਹੈ। ਜਿੱਥੇ ਸਭ ਨੇ ਅਪਣੇਂ-ਅਪਣੇਂ ਜੋੜੇ (ਜੁੱਤੇ) ਜਮ੍ਹਾਂ ਵਰਕਾ ਕੇ ਟੋਕਣ ਲੈ ਲਏ। ਇੱਥੇ ਜੋੜਿਆਂ ਦੀ ਸੇਵਾ ਵਿੱਚ ਸਭ ਮੁਸਲਮਾਨ ਭਾਈਚਾਰੇ ਹੀ ਸ਼ਰਧਾਲੂ ਸਨ ਨਾਲ ਹੀ ਪੁਲਿਸ ਦਾ ਡਿਊਟੀ ਰੂਮ ਹੈ। ਸਭ ਨੇ ਦਰਸ਼ਨੀ ਡਿਊੜੀ ਦੀਆਂ ਤਸਵੀਰਾਂ ਖਿੱਚੀਆਂ। ਵੱਖ-ਵੱਖ ਦ੍ਰਿਸ਼ਾਂ ਅਤੇ ਵੱਖ-ਵੱਖ ਅੰਦਾਜ਼ ਵਿੱਚ। ਇਸ ਸਥਾਨ ਤੇ ਸ਼੍ਰੀ ਦਰਬਾਰ ਸਾਹਿਬ ਦਾ ਅਧਿਆਤਮਿਕ ਅਤੇ ਸਕੂਨ ਭਰਿਆ ਅਲੋਕਿਕ ਦ੍ਰਿਸ਼। ਤਨ ਮਨ ਰੂਹ ਨੂੰ ਛੂਹ ਜਾਂਦਾ ਹੈ। ਜਲਦੀ ਜਲਦੀ ਨਜ਼ਦੀਕ ਪਹੁੰਚਣ ਦੀ ਇੱਛਾ ਮਨ ਵਿੱਚ ਲਿਲਕਦੀ ਹੈ। ਸ਼੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸਿਆਂ ਤੋਂ ਤੁਸੀਂ ਅੰਦਰ ਜਾ ਸਕਦੇ ਹੋ। ਚਾਰੇ ਪਾਸੇ ਲੰਬਾ ਚੌੜਾ ਬਰਾਮਦਾ ਨੁਮਾਂ ਗਲਿਆਰਾ ਹੈ। ਪ੍ਰਾਚੀਨ ਸਮੇਂ ਦੀ ਸ਼ਿਲਪਸ਼ੈਲੀ ਦੀ ਤਰਜ਼ ਵਿੱਚ ਆਧੁਨਿਕ ਸਮਗਰੀ ਨਾਲ ਬਣਿਆ।

ਅਸੀਂ ਪ੍ਰਵੇਸ਼ ਦੁਆਰ ਤੋਂ ਥੋੜਾ ਅੱਗੇ ਜਾ ਕੇ ਖੱਬੇ ਪਾਸੇ ਵੱਲ ਮੁੜ ਗਏ ਅਤੇ ਵਿਚਕਾਰ ਸਾਹਮਣੇ ਦਿਸ਼ਾ ਵੱਲ ਰਸਤਾ ਜਾਂਦਾ ਹੈ ਜੋ ਸ਼੍ਰੀ ਦਰਬਾਰ ਸਾਹਿਬ ਤੱਕ ਲਗਭਗ 100 ਮੀਟਰ ਦੀ ਦੂਰੀ ਉੱਪਰ ਸ੍ਰੀ ਦਰਬਾਰ ਸਾਹਿਬ ਪ੍ਰਕਾਸ਼ਮਾਨ ਸ਼ੋਭਨੀਏ ਹਨ। ਰਸਤਿਆਂ ਵਿੱਚ ਸਾਫ ਸੁਥਰੇ ਕਲੀਨ ਵਿਛੇ ਹੋਏ ਹਨ ਗਰਮੀ ਸਰਦੀ ਤੋਂ ਬਚਣ ਲਈ। ਇੱਥੇ ਅਸੀਂ ਕੁਝ ਗਰੁੱਪ ਫੋਟੋ ਲਏ। ਇੱਥੇ ਸ਼੍ਰੀ ਦਰਬਾਰ ਸਾਹਿਬ ਦਾ ਪੂਰਾ ਦ੍ਰਿਸ਼ ਨੇੜਿਓਂ ਕੈਮਰਾ ਕ੍ਰਿਤ ਹੋ ਜਾਂਦਾ ਹੈ। ਨਿੱਕੀ ਨਿੱਕੀ ਕਿਣ-ਮਿਣ ਫਿਰ ਸ਼ੁਰੂ ਹੋ ਗਈ, ਕਿਸੇ ਜਮਲੇ ਦੀ ਤੂੰਬੀ ਦੀ ਤਰਜ਼ ਵਰਗੀ। ਮੱਧਮ ਪਰ ਰਿਦਮ ਵਿੱਚ ।ਇਦਾਂ ਦੀ ਬਾਰਿਸ਼ ਮਜਾ ਵੀ ਦਿੰਦੀ ਹੈ। ਗਰਮੀ ਤੋਂ ਕੁਝ ਰਾਹਤ ਮਹਿਸੂਸ ਹੋਈ। ਇੱਕ ਅਭਿਨੰਦਨ ਅਭਿਵਾਦਨ ਦਾ ਸੰਦੇਸ਼ ਦਿੰਦੀ ਹੋਈ ।ਸਭ ਕੁਝ ਚੰਗਾ ਚੰਗਾ ਲੱਗ ਰਿਹਾ ਸੀ। ਜੰਨਤ ਤੋਂ ਵੀ ਉੱਪਰ। ਅਸੀਂ ਖੱਬੇ ਪਾਸਿਓਂ ਘੁੰਮ ਕੇ ਸ਼੍ਰੀ ਦਰਬਾਰ ਸਾਹਿਬ ਦੇ ਮੁੱਖ ਦੁਆਰ ਤੇ ਪਹੁੰਚ ਗਏ ਜਿਵੇਂ ਕੋਈ ਸਦੀਆਂ ਤੋਂ ਵਿਛੜੀ ਮੰਜ਼ਿਲ ਮਿਲ ਗਈ ਹੋਵੇ। ਅਧੂਰੇ ਚਾਵਾਂ ਨੂੰ ਜਿਵੇਂ ਸੰਪੂਰਨਤਾ ਦੇ ਖੰਭ ਲੱਗੇ ਗਏ ਹੋਣ। ਸੱਜੇ ਪਾਸੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਮਾਧੀ ਸਥਾਨ ਹੈ। ਇਸ ਨੂੰ ਦੇਖ ਕੇ ਦਰਸ਼ਨ ਕਰਕੇ ਮਨ ਦੀ ਤ੍ਰਿਪਤੀ ਪੂਰਨਤਾ ਵਿੱਚ ਬਦਲ ਗਈ। ਝੁਕ-ਝੁਕ ਮੱਥਾ ਟੇਕਿਆ। ਪੰਡੋਤ ਬੰਦਨਾ ਵਿੱਚ ਕੈਮਰਾ ਕ੍ਰਿਤ ਕੀਤਾ। ਵੱਖ ਵੱਖ ਫੋਟੋਆਂ ਯਾਦ ਵਿੱਚ ਸੰਭਾਲਣ ਲਈ ਸ਼੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦਹਲੀਜ਼ ਨੂੰ ਪੰਡੋਤ ਬੰਦਨਾ ਕਰਦੇ ਹੋਏ ਅੰਦਰ ਪ੍ਰਵੇਸ਼ ਕੀਤਾ। ਪ੍ਰਾਚੀਨ ਸਮੇਂ ਦਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੋਭਨੀਏਂ ਸਥਾਨ ਇੱਥੇ ਫਿਰ ਮੱਥਾ ਟੇਕਿਆ। ਅੱਖ ਭਰ ਭਰ ਗਹੁ ਨਾਲ ਰੀਝ ਨਾਲ, ਤ੍ਰਿਪਤੀ ਨਾਲ, ਇੱਕ ਲਲਕ ਇੱਕ ਸੰਪੂਰਨ ਹੋਈ ਜਗਿਆਸਾ ਨਾਲ, ਰੱਜ ਰੱਜ ਦਰਸ਼ਨ ਕੀਤੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਚੱਲ ਰਹੇ ਸੀ, ਸੱਜੇ ਪਾਸੇ ਕੀਰਤਨੀਏ ਜੱਥਾ ਭਾਈ ਸਾਹਿਬ ਕੀਰਤਨ ਕਰ ਰਹੇ ਸਨ, ਨਾਲ ਗੋਲਕ ਸੀ ਜਿਸ ਵਿੱਚ ਸ਼ਰਧਾ ਮੁਤਾਬਕ ਦਸਵੰਧ ਦਿੱਤਾ ਜਾ ਰਿਹਾ ਸੀ। ਮੇਰੀ ਪਤਨੀ ਬਲਬੀਰ ਕੌਰ ਇਕ ਰੁਮਾਲਾ ਸਾਹਿਬ ਅੰਮ੍ਰਿਤਸਰ ਤੋਂ ਲੈ ਕੇ ਆਈ ਸੀ। ਮੈਂ ਉੱਥੇ ਇੱਕ ਸਿੰਘ ਸਾਹਿਬਾਨ ਨੂੰ ਪੁੱਛਿਆ ਕਿ ਰੁਮਾਲਾ ਸਾਹਿਬ ਕਿੱਥੇ ਸ਼ੋਭਨੀਆ ਕਰਦੇ ਹਨ। ਉਹਨਾਂ ਕਿਹਾ ਕਿ ਖੱਬੇ ਪਾਸੇ ਚੌਂਕੀ ਦੇ ਨਾਲ ਉੱਪਰ ਰੱਖ ਦੇਵੋ ਉੱਥੇ ਪਹਿਲਾਂ ਵੀ ਕਈ ਰੁਮਾਲੇ ਪਏ ਸਨ। ਇੱਥੇ ਵੀ ਵੱਖ-ਵੱਖ ਕੋਨਿਆਂ ਤੋਂ ਤਸਵੀਰਾਂ ਕ੍ਰਿਤ ਕੀਤੀਆਂ। ਮਨ ਦੀ ਰੀਝ ਜਿਵੇਂ ਅਧਿਆਤਮਕ ਹੋ ਗਈ ਹੋਵੇ, ਤ੍ਰਿਪਤ ਸਕੂਨ ਹੋ ਗਈ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ 'ਚੋਂ ਪਿੱਛੇ ਦੀ ਬਾਹਰ ਨਿਕਲਦੇ ਸਾਰ ਹੀ ਖੱਬੇ ਪਾਸੇ ਪ੍ਰਾਚੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਸ਼ੋਭਨੀਏ ਅਸਥਾਨ ਹੈ ਜੋ ਰੁਮਾਲਿਆਂ ਨਾਲ ਢੱਕਿਆ ਹੋਇਆ ਹੈ। ਅੱਖਾਂ ਨੇ ਮਨ ਦਿਲ ਰੂਹ ਨੇ ਭਰ-ਭਰ ਕੇ ਦਰਸ਼ਨ ਕੀਤੇ, ਸਾਰੀ ਇਕਾਗਰਤਾ ਰੂਹ ਨੂੰ ਆਨੰਦਿਤ ਕਰ ਗਈ, ਜਿਵੇਂ ਭਟਕਦੇ ਰਾਹੀ ਨੂੰ ਮੰਜ਼ਿਲ ਮਿਲ ਗਈ ਹੋਵੇ। ਇਸ ਦੇ ਨਾਲ ਹੀ ਸੁੱਕਾ ਪ੍ਰਸ਼ਾਦ ਚਾਰ ਚਾਰ ਪੈਕਟਾਂ ਵਿੱਚ ਸਭ ਨੂੰ ਮਿਲਦਾ ਹੈ। ਨਾਲ ਕੜਾਹ ਵੰਡਿਆ ਜਾਂਦਾ ਹੈ। ਅਸੀਂ ਪਰਿਕਰਮਾ ਕਰਕੇ ਫਿਰ ਮੁੱਖ ਦੁਆਰ 'ਤੇ ਆ ਗਏ। ਇਸ ਦੇ ਪਿਛਲੇ ਪਾਸੇ ਪ੍ਰਾਚੀਨ ਸ਼ਿਲਪ ਦੀਆਂ ਪੌੜੀਆਂ ਹਨ, ਉਹ ਪਰ ਛੱਤ ਵੱਲ ਨੂੰ ਜਾਂਦੀਆਂ ਹਨ। ਇਹ ਪੌੜੀਆਂ ਲਗਭਗ 47 ਦੇ ਕਰੀਬ ਹਨ। ਇਹ ਸਥਾਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਹੀ ਬਣਿਆ ਹੋਇਆ ਹੈ ਪਰ ਇਸ ਨੂੰ ਸਾਜ ਸੱਜਾ ਨਾਲ ਸਵਾਰਿਆ ਗਿਆ ਹੈ। ਪੌੜੀਆਂ ਚੜਦੇ ਉੱਪਰਲੀ ਛੱਤ ਨੂੰ ਤਾਲਾ ਲੱਗਿਆ ਹੋਇਆ ਸੀ, ਅਸੀਂ ਵਾਪਸ ਆ ਗਏ ਇੱਥੇ ਬਾਕੀ ਹੋਰ ਕਈ ਕਮਰੇ ਹਨ। ਇਸ ਸਥਾਨ ਦੇ ਬਾਹਰ ਨਾਲ ਹੀ ਪ੍ਰਾਚੀਨ ਢਿੱਡਾਂ ਵਾਲਾ ਖੂਹ ਹੈ ਅਤੇ ਪ੍ਰਾਚੀਨ ਸੱਭਿਆਚਾਰਕ ਚੀਜ਼ਾਂ ਦੇਖਣ ਨੂੰ ਮਿਲਦੀਆਂ ਹਨ।

ਬਾਰਿਸ਼ ਫਿਰ ਸ਼ੁਰੂ ਹੋ ਗਈ ਇੱਕਦਮ ਫਰਾਟੇਦਾਰ ਬਾਰਿਸ਼ ਜਿਵੇਂ ਮਾਹੀਆ ਗਾਉਣ ਵੇਲੇ ਢੋਲ ਵੱਜਦਾ ਹੈ, ਪੂਰੇ ਡਗੇ ਵੱਜ ਰਹੇ ਸੀ ਜਿਵੇਂ ਕੋਈ ਉੱਚੀ ਉੱਚੀ ਬੋਲੀਆਂ ਪਾ ਰਿਹਾ ਹੋਵੇ ਅਸੀਂ ਸਭ ਨੇ ਯੋਜਨਾ ਬਣਾ ਲਈ ਕਿ ਪਹਿਲਾਂ ਲੰਗਰ ਛੱਕ ਲਿਆ ਜਾਵੇ ਫਿਰ ਮਾਰਕੀਟ ਵਿੱਚ ਚਲਾਂਗੇ। ਇਸ ਸਾਰੇ ਗਲਿਆਰੇ ਤੋਂ ਤੁਸੀਂ ਬਾਹਰ ਨਹੀਂ ਜਾ ਸਕਦੇ, ਤਾਰਾਂਦਾਰ ਜਾਲੀ ਲਗਾ ਕੇ ਚਾਰੋਂ ਤਰਫੋਂ ਰਸਤਾ ਬੰਦ ਕੀਤਾ ਹੋਇਆ ਹੈ ਪਰ ਦੂਰ ਦੇ, ਨਜ਼ਦੀਕ ਦੇ ਪਿੰਡ ਨਜ਼ਰ ਆਉਂਦੇ ਹਨ। ਅਸੀਂ ਲੰਗਰ ਹਾਲ ਵਿੱਚ ਚਲੇ ਗਏ। ਵਾਹ ਭਾਈ ਵਾਹ ਖ਼ੂਬਸੂਰਤ ਦਿਖ ਵਾਲੀ ਇਮਾਰਤ ਸਵੱਛ ਸਾਫ। ਅਸੀਂ ਲੰਗਰ ਹਾਲ ਵਿਖੇ ਲਗਭਗ ਦੋ ਵਜੇ ਦੁਪਹਿਰ ਦੇ ਕਰੀਬ ਪਹੁੰਚੇ, ਲੰਗਰ ਹਾਲ ਦੇ ਨਾਲ ਹੀ ਸਾਫ ਸੁਥਰਾ ਚਮਕਦਾ ਰਸੋਈ ਘਰ ਹੈ ਇੱਕਦਮ ਸਫਾਈ। ਆਧੁਨਿਕ ਢੰਗ ਦੀਆਂ ਰਸੋਈ ਪਕਵਾਨ ਮਸ਼ੀਨਾਂ। ਰਸੋਈ ਦੇ ਨਾਲ ਮੁਸਲਮਾਨ ਭੈਣਾਂ ਪ੍ਰਸ਼ਾਦੇ ਪਕਾ ਰਹੀਆਂ ਸਨ ਉੱਥੇ ਕੁਝ ਸਿੱਖ ਬੀਬੀਆਂ ਵੀ ਲੰਗਰ ਪਕਾਉਣ ਲੱਗੀਆਂ ਪਈਆਂ। ਇਸ ਲੰਗਰ ਹਾਲ ਵਿੱਚ ਲਗਭਗ 550 ਦੇ ਕਰੀਬ ਸੰਗਤ ਬੈਠ ਸਕਦੀ ਹੈ। ਲੰਗਰ ਹਾਲ ਵਿੱਚ ਗਰਮਾ ਗਰਮ ਕੜੀ ਪਕੌੜਾ ਕੜੀ ਦੇ ਉੱਪਰ ਪਕੌੜੇ ਜ਼ਿਆਦਾ ਤੈਰਦੇ ਨਜ਼ਰ ਆ ਰਹੇ ਸੀ। ਸਵਾਦਿਸ਼ਟ ਨਿਊਟਰੀ, ਸਬਜ਼ੀਆਂ, ਮਿੱਠੇ ਚਾਵਲ, ਦਹੀਂ, ਚਾਹ ਆਦਿ ਲੱਜਤਦਾਰ ਲੰਗਰ। ਸਾਂਝੀਵਾਲਤਾ ਦੀ



ਇੱਕ ਮਿਸਾਲ। ਬਾਬੇ ਨਾਨਕ ਦਾ ਲੰਗਰ। ਹਾਲ ਦੇ ਮੁੱਖ ਸੇਵਾਦਾਰ ਜਨਾਬ ਲੱਭੂ ਰਾਮ ਜੋ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹਨ ਤੇ ਪਾਕਿਸਤਾਨ ਵਿੱਚ ਵੀ ਰਹਿੰਦੇ ਹਨ। ਲੰਗਰ ਹਾਲ ਵਿੱਚ ਅਮੂਮਨ, ਸਿੱਖ ਅਤੇ ਹਿੰਦੂ ਪਰਿਵਾਰਾਂ ਦੇ ਸ਼ਰਧਾਲੂ ਹੀ ਵੇਖਣ ਨੂੰ ਮਿਲੇ ਪਰ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਸੇਵਾ ਕਰਦੇ ਹਨ। ਮੁਸਲਮਾਨ ਭਾਈਚਾਰੇ ਦੇ ਵੀ ਕਾਫੀ ਲੋਕ ਦਰਸ਼ਨ ਕਰਨ ਲਈ ਆਏ ਹੋਏ ਸੀ ਜੋ ਲੰਗਰ ਹਾਲ ਵਿੱਚ ਮੌਜੂਦ ਸਨ। ਸਾਨੂੰ ਪਾਕਿਸਤਾਨ ਲਾਹੌਰ ਤੋਂ ਮਿਲਣ ਲਈ ਸਾਡੇ ਪਰਮ ਦੋਸਤ ਜਨਾਬ ਨੂਰ ਅਹਿਮਦ ਜੱਟ ਅਤੇ ਉਨਾਂ ਦੇ ਸਾਥੀਆਂ ਨੇ ਆਉਣਾ ਸੀ, ਉਹਨਾਂ ਦਾ ਬਾਰ-ਬਾਰ ਫੋਨ ਆ ਰਿਹਾ ਸੀ ਕਿ ਆ ਰਹੇ ਹਾਂ। ਬਾਰਿਸ਼ ਸਵੇਰ ਤੋਂ ਹੀ ਗੁਣਗੁਣਾ ਰਹੀ ਸੀ। ਇੱਥੋਂ ਲਾਹੌਰ ਕਾਫੀ ਦੂਰ ਪੈਂਦਾ ਹੈ। ਅਸੀਂ ਉਹਨਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸੀ। ਸਾਡਾ ਪ੍ਰੋਗਰਾਮ ਸੀ ਕਿ ਲੰਗਰ ਸਾਰੇ ਇਕੱਠੇ ਹੀ ਖਾਈਏ ਪਰ ਉਹ ਲੇਟ ਹੋ ਗਏ ਦੋਵੇਂ ਪਾਸੇ ਚੈਕਿੰਗ ਬਹੁਤ ਜਿਆਦਾ ਹੈ, ਖੈਰ ਉਹ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਆ ਗਏ ਸਨ। ਜਨਾਬ ਨੂਰ ਅਹਿਮਦ ਜੱਟਾਂ ਹੋਰਾਂ ਨੇ ਉੱਥੇ ਪਹੁੰਚ ਕੇ ਸਾਡੀਆਂ ਤਸਵੀਰਾਂ ਮੋਬਾਈਲ 'ਚੋਂ ਪੁਲਿਸ ਅਧਿਕਾਰੀਆਂ ਅਤੇ ਲੋਕਾਂ ਨੂੰ ਦੱਸ ਦਿੱਤੀਆਂ ਕਿ ਜੇਕਰ ਅਸੀਂ ਮਿਲੀਏ ਤਾਂ ਸੂਚਿਤ ਕਰ ਦੇਣ। ਅਸੀਂ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਨਿਸ਼ਚਿਤ ਸਮੇਂ ਵਿੱਚ ਵਾਪਸ ਜਾਣਾ ਸੀ ਤੁਸੀਂ ਜ਼ਿਆਦਾ ਦੇਰ ਤੱਕ ਇੱਥੇ ਨਹੀਂ ਰਹਿ ਸਕਦੇ। ਅਸੀਂ ਲੰਗਰ ਹਾਲ 'ਚ ਉਹਨਾਂ ਦੀ ਉਡੀਕ ਕਰਨ ਤੋਂ ਬਾਅਦ ਮਾਰਕੀਟ ਵਿੱਚ ਆ ਗਏ। ਮਾਰਕੀਟ ਲੰਗਰ ਹਾਲ ਤੋਂ ਥੋੜੀ ਦੂਰ ਹੈ। ਮਾਰਕੀਟ ਵਿੱਚ ਜਾ ਕੇ ਮੈਂ ਕਿਸੇ ਪਾਕਿਸਤਾਨੀ ਸੱਜਣ ਦੇ ਫੋਨ ਤੋਂ ਨੂਰ ਅਹਿਮਦ ਜੱਟ ਨੂੰ ਫੋਨ ਮਿਲਾਇਆ। ਉਹਨਾਂ ਕਿਹਾ ਕਿ ਅਸੀਂ ਗੁਰਦੁਆਰਾ ਸਾਹਿਬ ਆ ਚੁੱਕੇ ਹਾਂ। ਅਸੀਂ ਉਹਨਾਂ ਨੂੰ ਦੱਸ ਦਿੱਤਾ ਕਿ ਅਸੀਂ ਮਾਰਕੀਟ ਵਿੱਚ ਹਾਂ। ਸ਼ਾਮ ਦੇ ਲਗਭਗ ਚਾਰ ਵੱਜ ਚੁੱਕੇ ਸੀ, ਸਮਾਂ ਕਾਫੀ ਹੋ ਚੁੱਕਾ ਸੀ। ਮੁਲਾਕ਼ਾਤ ਅਤੇ ਦਰਸ਼ਨ ਕਰਨ ਦਾ ਸਮਾਂ ਲਗਭਗ ਸਮਾਪਤ ਹੋਣ ਦੇ ਕਗਾਰ 'ਤੇ ਸੀ। ਅਸੀਂ ਜਲਦੀ ਜਲਦੀ ਉੱਥੋਂ ਖਰੀਦੋ ਫਰੋਖ਼ਤ ਕਰਨ ਲੱਗੇ, ਖਾਣ ਪੀਣ ਦੀਆਂ ਦੁਕਾਨਾਂ, ਕੱਪੜੇ ਦੀਆਂ ਦੁਕਾਨਾਂ ਮਨਿਆਰੀ ਅਤੇ ਚੱਪਲ ਮਾਰਕੀਟ ਵਗੈਰਾ ਸੀ। ਦੁਕਾਨਾਂ ਥੋੜੀਆਂ ਹੀ ਸਨ। ਮੈਂ ਉਥੋਂ ਚਾਰ ਜੋੜੇ ਪਸੋਰੀ ਚੱਪਲਾਂ ਲੈ ਲਈਆਂ। ਇੱਕ ਚਪਲ ਲਗਭਗ 2500 ਪਾਕਿਸਤਾਨੀ ਕਰੰਸੀ ਦੇ ਹਿਸਾਬ ਨਾਲ। ਪਤਨੀ ਨੇ ਕੁਝ ਪਸੰਦੀਦਾ ਕੱਪੜੇ ਖਰੀਦ ਲਏ। ਇਨੇ ਚਿਰ ਨੂੰ ਜਨਾਬ ਨੂਰ ਅਹਿਮਦ ਜੱਟ ਅਤੇ ਸਾਥੀ ਦੂਰੋਂ ਨਜ਼ਰ ਆ ਗਏ। ਦੂਰੋਂ ਦੌੜ ਕੇ ਇੱਕ ਦੂਸਰੇ ਨੂੰ ਤਪਾਕ ਨਾਲ ਲਪਕ ਤੇ ਲਲਕ ਨਾਲ ਘੁੱਟ ਕੇ ਜੱਫੀ ਪਾ ਕੇ ਮਿਲੇ ਜਿਵੇਂ ਚਿਰਾਂ ਬਾਅਦ ਵਿਛੜੇ ਭਰਾ ਮਿਲੇ ਹੋਣ। ਪੰਜਾਬ ਤੇ ਪੰਜਾਬੀਅਤ ਦੀ ਘੁਟਵੀਂ ਜੱਫੀ ਜੋ ਕਦੀ ਲਹਿ ਨਹੀ ਸਕਦੀ। ਘੁਟ ਘੁਟ ਕੇ ਗਲਵੱਕੜੀਆਂ ਪਾਈਆਂ। ਆਲੇ ਦੁਆਲੇ ਦੇ ਸਾਰੇ ਲੋਕੀ ਸਾਡੇ ਵੱਲ ਵੇਖ ਵੇਖ ਖੁਸ਼ ਹੋ ਰਹੇ ਸੀ। ਸਾਡੀਆਂ ਫੋਟੋਆਂ ਖਿੱਚ ਰਹੇ ਸੀ, ਕਈਆਂ ਨੇ ਸਾਡੇ ਗਰੁੱਪ ਨਾਲ ਫੋਟੋਆਂ ਖਿੱਚਵਾਈਆਂ। ਨੂਰ ਨੇ ਜਲਦੀ ਜਲਦੀ ਗੁਲਾਬ ਦੇ ਫੁੱਲ ਵਾਲੇ ਕੁਝ ਹਾਰ ਕੱਢੇ ਸਾਡੇ ਸਾਰਿਆਂ ਨੇ ਗਲ ਵਿੱਚ ਹਾਰ ਪਾ ਕੇ ਦਿਲ ਚੁੰਬਵਾਂ ਨਿੱਘਾ ਸਾਂਝ ਭਰਪੂਰ ਸਵਾਗਤ ਕੀਤਾ। 'ਜੀ ਆਇਆਂ' ਵਿੱਚ ਘੁੱਲ ਗਈ ਸਾਂਝੀਵਾਲਤਾ ਦੇ ਰਿਸ਼ਤਿਆਂ ਦੀ ਮਿੱਟੀ ਮਿੱਠੀ ਸੁਗੰਧ। ਵੀਡੀਓ ਬਣਾਈਆਂ ਗਈਆਂ ਦੋਵੇਂ ਪੰਜਾਬ ਦੇ ਵੀਰ ਮਿਲੇ ਇੱਕ ਖ਼ੂਬਸੂਰਤ ਮਿਲਣੀ ਜੰਨਤ ਵਰਗਾ ਪਿਆਰ, ਮੋਹ, ਸਤਿਕਾਰ, ਉਮੰਗ, ਤਰੰਗ, ਇਕ ਲਲਕ ਅਸਮਾਨ ਨੂੰ ਛੂ ਗਏ। ਸਭ ਹੱਦਾਂ ਬੰਨੇ ਸਰਹੱਦਾਂ ਉੱਡ ਪੁੱਡ ਗਈਆਂ, ਸਿਰਫ ਇਨਸਾਨੀ ਕਦਰਾਂ ਕੀਮਤਾਂ ਦੀ ਇੱਕ ਮਿਸਾਲ ਬਾਬੇ ਨਾਨਕ ਦੀ ਬਾਣੀ ਦੀ ਇੱਕ ਮਿਸਾਲ। ਇਹ ਮਿਲਣੀ ਇੱਕ ਯਾਦਗਾਰੀ ਮਿਲਣੀ ਸੀ। ਦੂਜੇ ਹੋਰ ਲੋਕ ਵੀ ਮਿਲਣੀ ਦੇ ਮੌਕੇ ਤਸਵੀਰਾਂ ਵਿੱਚ ਖਿੱਚ ਰਹੇ ਸੀ। ਸਾਰਾ ਦ੍ਰਿਸ਼ ਇੱਕ ਨਿੱਘੀ ਖੁਸ਼ਬੂ ਵਿੱਚ ਤੈਰਨ ਲੱਗਾ। ਜਨਾਬ ਨੂਰ ਅਹਿਮਦ ਜੱਟ ਕਹਿਣ ਲੱਗੇ ਕਿ ਆਓ ਅਸੀਂ ਸਾਰੇ ਚਾਹ ਵਗੈਰਾ ਪੀਂਦੇ ਹਾਂ ਪਰ ਮੈਂ ਉਹਨਾਂ ਨੂੰ ਕਿਹਾ ਕਿ 5 ਵਜੇ ਚੁੱਕੇ ਹਨ। ਸਮਾਂ ਬਹੁਤ ਹੋ ਚੁੱਕਿਆ ਹੈ ਅਸੀਂ ਪੁਲਿਸ ਮਹਿਕਮੇ ਦੇ ਕਰਮਚਾਰੀਆਂ ਕੋਲੋਂ ਇਜਾਜ਼ਤ ਲੈ ਕੇ ਜਲਦੀ ਜਲਦੀ ਇੱਕ ਬਰਾਮਦੇ ਵਿੱਚ ਕਵੀ ਦਰਬਾਰ ਕੀਤਾ। ਆਪਸ ਵਿੱਚ ਗੱਲਾਂ ਬਾਤਾਂ ਮਾਰੀਆਂ। ਇਸ ਤੋਂ ਬਾਅਦ ਮੈਂ ਜਲਦੀ ਜਲਦੀ ਆਪਣੇ ਬੈਗ 'ਚੋਂ ਇੱਕ ਕਨੇਡੀਅਨ ਘੜੀ, ਸੈਂਟ ਅਤੇ ਕੱਪੜੇ ਕੱਢ ਕੇ ਨੂਰ ਸਾਹਿਬ ਨੂੰ ਬੜੇ ਇਤਮੀਨਾਨ ਨਾਲ ਨਮਨ ਕਿਰਿਆ ਵਿੱਚ ਸਤਿਕਾਰ ਨਾਲ ਉਹਨਾਂ ਨੂੰ ਦੇ ਦਿੱਤੇ। ਉਹਨਾਂ ਮੇਰਾ ਕਈ ਵਾਰ ਸ਼ੁਕਰੀਆ ਅਦਾ ਕੀਤਾ। ਨੂਰ ਸਾਹਿਬ ਨੇ ਦੋ ਕਿਲੋ ਮਠਿਆਈ ਦਾ ਡੱਬਾ, ਚਾਰ ਜੋੜੇ ਪਸੌਰੀ ਚੱਪਲਾਂ ਮੈਨੂੰ ਦੇ ਦਿੱਤੀਆਂ। ਸਮਾਂ ਬਹੁਤ ਹੋ ਚੁੱਕਾ ਸੀ ਵਾਪਸ ਜਾਣ ਲਈ। ਫਿਰ ਉਸੇ ਪਹਿਲੇ ਢੰਗ ਤਰੀਕੇ ਨਾਲ ਚੈਕਿੰਗ ਨਾਲ ਵਾਪਸ ਜਾਣਾ ਹੁੰਦਾ ਹੈ। ਅਸੀਂ ਫਿਰ ਜਲਦੀ ਜਲਦੀ ਆਪਸ ਵਿੱਚ ਮਿਲੇ ਗਲਵਕੜੀਆਂ ਪਾਈਆਂ। ਖੁਸ਼ੀ ਦੇ ਖ਼ੂਬਸੂਰਤ ਪਲਾਂ ਦੀ ਖੁਸ਼ਬੂ ਹਵਾ ਵਿੱਚ ਤੈਰਨ ਲੱਗੀ। ਸਾਂਝੀ ਵਾਲਤਾ ਵਿੱਚ ਘੁੱਲ ਘੁੱਲ ਕੇ ਫਿਰ ਦੁਬਾਰਾ ਜਲਦੀ ਮਿਲਣ ਦਾ ਦਾਅਵਾ ਕਰਕੇ ਹੱਥ ਮਿਲਾਉਂਦੇ ਹੋਏ ਇੱਕ ਦੂਸਰੇ ਤੋਂ ਜੁਦਾ ਹੋ ਗਏ। ਸੱਤ ਕਿਲੋ ਭਾਰ ਇੱਕ ਵਿਅਕਤੀ ਲਿਜਾ ਸਕਦਾ ਹੈ ਕਾਊਂਟਰ 'ਤੇ ਬੱਸ ਲੱਗੀ ਹੋਈ ਸੀ। ਚੈਕਿੰਗ ਕਰਵਾ ਕੇ ਬੱਸ ਵਿੱਚ ਬੈਠ ਗਏ। ਪੰਜ ਕਿਲੋਮੀਟਰ ਦਾ ਸਫਰ ਤੈਅ ਕਰਦੇ ਹੋਏ ਅਸੀਂ ਪਾਕਿਸਤਾਨ ਦੀ ਚੈਕਿੰਗ ਵਿਭਾਗ ਵਿੱਚ ਆ ਗਏ। ਇੱਥੇ ਤਸੱਲੀ ਨਾਲ ਚੈਕਿੰਗ ਹੁੰਦੀ ਹੈ। ਪਾਕਿਸਤਾਨ ਦੇ ਅਧਿਕਾਰੀਆਂ ਨੇ ਸਭ ਤੋਂ ਪਹਿਲਾਂ ਗਲੇ ਵਿੱਚ ਪਏ ਸ਼ਨਾਖਤੀ ਕਾਰਡ ਉਤਾਰੇ। ਇਸ ਤੋਂ ਬਾਅਦ ਸਾਰੀ ਚੈਕਿੰਗ ਹੋਈ। ਕੋਈ ਵੀ ਵਿਅਕਤੀ ਯਾਤਰੀ ਪਾਕਿਸਤਾਨ ਦੀ ਕਰੰਸੀ ਨਾਲ ਨਹੀਂ ਲਿਜਾ ਸਕਦਾ ਇਸ ਉੱਪਰ ਸਖਤ ਪਾਬੰਦੀ ਹੈ। ਸਾਡੇ ਸਾਥੀ ਪਾਲ ਗੁਰਦਾਸਪੁਰੀ ਨੇ ਗ਼ਲਤੀ ਨਾਲ ਚੇਤਾ ਭੁਲਾ ਕੇ ਪਾਕਿਸਤਾਨ ਦੀ ਕਰੰਸੀ ਨਾਲ ਲੈ ਆਏ। ਕੁੱਝ ਨੋਟ ਬਟੂਏ ਵਿੱਚ ਸੀ ਕੁਝ ਕਮੀਜ਼ ਦੀ ਜੇਬ ਵਿੱਚ। ਚੈਕਿੰਗ ਦੌਰਾਨ ਉਹ ਕੰਪਿਊਟਰ ਵਿੱਚ ਨਜ਼ਰ ਆ ਗਏ। ਪਾਲ ਨੂੰ ਫੜ ਕੇ ਇੱਕ ਪਾਸੇ ਲੈ ਗਏ ਤੇ ਸਖਤ ਨੋਟਿਸ ਲਿਆ। ਕਾਫੀ ਪੁੱਛ ਪੜਤਾਲ ਤੋਂ ਬਾਅਦ ਉਹਨਾਂ ਅਧਿਕਾਰੀਆਂ ਨੇ ਪਾਲ ਤੋਂ ਪਾਕਿਸਤਾਨ ਕਰੰਸੀ ਲੈ ਕੇ ਪਾੜ ਦਿੱਤੀ ਅਤੇ ਕੂੜੇਦਾਨ ਵਿੱਚ ਸੁੱਟ ਦਿੱਤੀ। ਸਾਡਾ ਦੋਸਤ ਐਡਵੋਕੇਟ ਰਾਜਪਾਲ ਸਿੰਘ 200 ਡਾਲਰ ਜਮਾਂ ਕਰਵਾ ਕੇ ਪਰਚੀ (ਰਸੀਦ) ਲਈ ਸੀ ਉਹ ਗੁੰਮ ਕਰ ਬੈਠੇ. ਫਿਰ ਉੱਥੇ ਪੰਗਾ ਖੜਾ ਹੋ ਗਿਆ, ਖ਼ੈਰ,ਉਹਨਾਂ ਕੋਲ ਕੰਪਿਊਟਰ ਵਿੱਚ ਸਬੂਤ ਸੀ. ਉਹਨਾਂ ਚੈੱਕ ਕਰ ਲਿਆ ਪਰ ਸਖ਼ਤ ਵਾਰਨਿੰਗ ਦਿੱਤੀ, ।

ਫਿਰ ਅਸੀਂ ਬੱਸ 'ਚ ਬੈਠ ਕੇ ਭਾਰਤ ਪਹੁੰਚ ਗਏ। ਪਾਕਿ ਸੀਮਾ ਉੱਪਰ ਆ ਗਏ। ਪਹਿਲੇ ਤਰੀਕੇ ਨਾਲ ਹੀ ਅਸੀਂ ਮੁੜ ਵਾਪਸ ਭਾਰਤੀ ਚੈਕਿੰਗ ਵਿਭਾਗ ਵਿੱਚ ਦਾਖ਼ਲ ਹੋ ਗਏ ਜਾਨੀ ਕਿ ਡੇਰਾ ਬਾਬਾ ਨਾਨਕ ਕੋਰੀਡੋਰ। ਇੱਥੇ ਫਿਰ ਪੂਰੀ ਚੈਕਿੰਗ ਹੋਈ। ਪਤਨੀ ਅਤੇ ਮੇਰੇ ਕੋਲ ਇੱਕ-ਇੱਕ ਬੈਗ ਸੀ। ਪਤਨੀ ਕੋਲ ਦੋ ਕਿਲੋ ਮਠਿਆਈ ਦਾ ਡੱਬਾ ਸੀ ਜੋ ਨੂਰ ਸਾਹਿਬ ਨੇ ਦਿੱਤਾ ਸੀ। ਇੱਥੇ ਇੱਕ ਮਹਿਲਾ ਕਰਮਚਾਰੀ ਨੇ ਸਾਨੂੰ ਰੋਕ ਲਿਆ ਅਤੇ ਸਾਡੇ ਬੈਗਾਂ ਦੀ ਤਸੱਲੀ ਨਾਲ ਤਲਾਸ਼ੀ ਲਈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਤੁਸੀਂ ਮਠਿਆਈ ਲੈ ਕੇ ਆਏ ਹੋ, ਇਸ ਨੂੰ ਨਾਲ ਲਿਜਾਨ ਦੀ ਇਜਾਜ਼ਤ ਨਹੀਂ। ਅਸੀਂ ਕਿਹਾ ਕਿ ਪਾਕਿਸਤਾਨ ਦੇ ਸਾਡੇ ਦੋਸਤ ਨੇ ਗਿਫਟ ਦੇ ਰੂਪ ਵਿੱਚ ਦਿੱਤੀ ਹੈ। ਮਹਿਲਾ ਕਰਮਚਾਰੀ ਨੇ ਕਿਹਾ ਕਿ ਇਸ ਡੱਬੇ ਨੂੰ ਖੋਲ੍ਹ ਕੇ ਇਸ ਵਿੱਚੋਂ ਥੋੜੀ ਮਠਿਆਈ ਖਾਓ, ਅਸਾਂ ਥੋੜੀ ਮਠਿਆਈ ਖਾਦੀ ਫਿਰ ਉਹਨਾਂ ਸਾਨੂੰ ਸਖ਼ਤ ਹਦਾਇਤਾਂ ਦੇ ਕੇ ਜਾਣ ਦਿੱਤਾ। ਅਸੀਂ ਸਭ ਖੁਸ਼ੀ ਦੇ ਮੂੜ ਵਿੱਚ ਸਾਂ, ਡੇਰਾ ਬਾਬਾ ਨਾਨਕ ਦੇ ਕੋਰੀਡੋਰ ਦੇ ਬਾਹਰ ਅਸੀਂ ਰਾਜ ਗੁਰਦਾਸਪੁਰੀ ਅਤੇ ਪਾਲ ਗੁਰਦਾਸਪੁਰੀ ਦੀਆਂ ਪੁਸਤਕਾਂ ਦਾ ਵੀ ਵਿਮੋਚਨ ਕੀਤਾ। ਅਸਾਂ ਸਭ ਨੇ ਸਲਾਹ ਕੀਤੀ ਕਿ ਹੁਣ ਆਏ ਹੋਏ ਹਾਂ ਕਿ ਡੇਰਾ ਬਾਬਾ ਨਾਨਕ ਦੇ ਸਾਰੇ ਗੁਰਦੁਆਰੇ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਕੇ ਚੱਲੀਏ। ਅਸੀਂ ਗੱਡੀਆਂ ਵਿੱਚ ਬੈਠ ਕੇ ਚੋਲ੍ਹਾ ਸਾਹਿਬ ਗੁਰਦੁਆਰਾ ਆ ਗਏ।

ਇੱਥੇ ਚੋਲ੍ਹਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਸਲੀ ਚੋਲ੍ਹਾ ਸਾਹਿਬ ਅਤੇ ਬੀਬੀ ਨਾਨਕੀ ਦਾ ਹੱਥ ਨਾਲ ਕੱਢਿਆ ਰੁਮਾਲ ਸ਼ੀਸ਼ੇ ਵਿੱਚ ਮੜਾ ਕੇ ਰੱਖਿਆ ਹੋਇਆ ਹੈ। ਇਸ ਦੇ ਅਸੀਂ ਦਰਸ਼ਨ ਕੀਤੇ, ਫੋਟੋਆਂ ਲਈਆਂ ਜੋ ਇੱਥੇ ਧਾਰਮਿਕ ਸਥਾਨਾਂ ਦੇ ਗੁਰਦੁਆਰੇ ਵੇਖਣਯੋਗ ਹਨ। ਇਸ ਪ੍ਰਕਾਰ ਹਨ ਪਿੰਡ ਪੱਖੋਕੇ ਗੁਰੂ ਨਾਨਕ ਦੇਵ ਜੀ ਦੇ ਸਹੁਰਿਆਂ ਦਾ ਪਿੰਡ ਤੇ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਭਤੀਜੇ ਨੂੰ ਭਰਾ ਲਕਸ਼ਮੀ ਚੰਦ ਤੋਂ ਲੈ ਲਿਆ ਸੀ, ਇਹ ਲੰਬੀ ਕਥਾ ਹੈ। ਮੇਨ ਬਾਜ਼ਾਰ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਜਿੱਥੇ ਜੀਤੇ ਰੰਧਾਵੇ ਦਾ ਖੂਹ ਹੈ। ਇੱਥੇ ਗੁਰੂ ਨਾਨਕ ਦੇਵ ਜੀ ਵੀ ਠਹਿਰੇ ਸਨ। ਗੁਰਦੁਆਰਾ ਮੰਡੀ ਸਾਹਿਬ ਗੁਰਦੁਆਰਾ ਭੂਰੀ ਵਾਲੇ ਸੰਤਾਂ ਦਾ ਗੁਰਦੁਆਰਾ ਬਾਬਾ ਰਾਜਿੰਦਰ ਸਿੰਘ ਤੇ ਬਾਬਾ ਬਲਬੀਰ ਸਿੰਘ ਬੇਦੀ, ਗੁਰਦੁਆਰਾ ਟਾਹਲੀ ਸਾਹਿਬ, ਗੁਰਦੁਆਰਾ ਬਾਬਾ ਕਿਰਪਾ ਦਾਸ, ਗੁਰਦੁਆਰਾ ਰਾਮਗੜੀਆ, ਗੁਰਦੁਆਰਾ ਬਾਬਾ ਮੰਗਲ ਰਾਮ, ਬਾਬਾ ਕਿਰਪਾ ਰਾਮ, ਸਥਾਨ ਬਾਬਾ ਲਾਡੋ ਜੀ। ਇਹ ਯਾਤਰਾ ਇੱਕ ਯਾਦਗਾਰੀ ਯਾਤਰਾ ਹੋ ਨਿਬੜੀ। ਤੁਸੀਂ ਵੀ ਜਾਓ, ਸ਼੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) 15 ਦਿਨਾਂ ਬਾਅਦ ਤੁਸੀਂ ਫਿਰ ਦੁਬਾਰਾ ਜਾ ਸਕਦੇ ਹੋ।

ਬਲਵਿੰਦਰ ਬਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋਬਾਈਲ - 9815625409

## ਇੱਕ ਵਿਲੱਖਣ ਸਖਸ਼ੀਅਤ ਨੇ ਲੇਖਕ ਮਹਿੰਦਰ ਸੂਦ ਵਿਰਕ-

ਉੱਘਾ ਕਵੀ ਮਹਿੰਦਰ ਸੂਦ ਵਿਰਕ ਇੱਕ ਲੇਖਕ ਅਤੇ ਗੀਤਕਾਰ ਹੋਣ ਦੇ ਨਾਲ ਨਾਲ ਇੱਕ ਬਹੁਤ ਹੀ ਉੱਘਾ ਸਮਾਜ ਸੇਵੀ ਵੀ ਹੈ। ਉਹ 20 ਸਾਲਾਂ ਤੋਂ ਲਗਾਤਾਰ ਖੂਨ ਦਾਨ ਕਰਦਾ ਆ ਰਿਹਾ ਹੈ। ਉਹ ਖੁਨ ਦਾਨ ਕੈਂਪ ਵੀ ਲਗਵਾਉਂਦਾ ਰਹਿੰਦਾ ਹੈ, ਐਮਰਜੈਂਸੀ ਵੇਲੇ ਕਿਸੇ ਵੀ ਮਰੀਜ਼ ਨੂੰ ਖੂਨ ਦੀ ਲੋੜ ਪਵੇ ਤਾਂ ਵੀ ਹਮੇਸ਼ਾ ਤੱਤ- ਪਰ ਰਹਿੰਦਾ ਹੈ। ਕੋਵਿਡ ਸਮੇਂ ਸਰਕਾਰੀ ਹਸਪਤਾਲ ਫਿਲੌਰ ਵਲੋਂ ਚਲਾਏ ਜਾ ਰਹੇ ਟੀਕਾ-ਕਰਨ ਪ੍ਰੋਗਰਾਮ ਵਿੱਚ ਸੂਦ ਵਿਰਕ ਨੇ ਅੱਠ ਮਹੀਨੇ ਲਗਾਤਾਰ ਨਿਰਸਵਾਰਥ ਸੇਵਾ ਕੀਤੀ।

ਸੂਦ ਵਿਰਕ ਵਾਤਾਵਰਨ ਪ੍ਰੇਮੀ ਵੀ ਹੈ ਅਤੇ ਪੇੜ ਪੌਦਿਆਂ ਨਾਲ ਬਹੁਤ ਪਿਆਰ ਕਰਦਾ ਹੈ। ਇਹ ਅੱਜ ਤੱਕ 2407 ਬੂਟੇ ਵੱਖ ਵੱਖ ਥਾਵਾਂ ਤੇ ਲਗਾ ਚੁੱਕਾ ਹੈ। ਸੂਦ ਵਿਰਕ ਆਪਣੇ ਜਨਮ ਦਿਨ ਵਾਲੇ ਦਿਨ 2 ਬੂਟੇ ਜਰੂਰ ਲਗਾਉਂਦਾ ਹੈ ਅਤੇ ਉਸ ਦਿਨ ਖੂਨ ਦਾਨ ਵੀ ਜਰੂਰ ਕਰਦਾ ਹੈ। ਇਸ ਦੀਆਂ ਪੰਜ ਭਤੀਜੀਆਂ,ਦੋ ਭਾਣਜੀਆਂ ਤੇ ਇੱਕ ਭਾਣਜਾ ਤੇ ਇੱਕ ਭਤੀਜਾ ਹੈ। ਸੂਦ ਵਿਰਕ ਇਨਾਂ ਸਭ ਦੇ ਜਨਮ ਦਿਨ ਤੇ ਵੀ 2 ਬੂਟੇ ਜਰੂਰ ਲਗਾਉਂਦਾ ਹੈ।



ਸੂਦ ਵਿਰਕ ਨੂੰ ਸਮਾਜ ਸੇਵੀ ਵਜੋਂ ਕਾਫੀ ਸੰਸਥਾਵਾਂ ਵਲੋਂ ਮਾਣ ਸਨਮਾਨ ਪ੍ਰਾਪਤ ਹੋਇਆ ਹੈ। ਜਿਸ ਵਿੱਚ ਸਰਕਾਰੀ ਹਸਪਤਾਲ ਫਿਲੌਰ, ਸ੍ਰੀ ਗੁਰੂ ਰਵਿਦਾਸ ਭਵਨ ਪ੍ਰੰਬਧਕ ਕਮੇਟੀ ਫਿਲੌਰ, ਡੀ ਏ ਵੀ ਸਕੂਲ ਫਿਲੌਰ, ਗੁਰਦੁਆਰਾ ਤਖਤਗੜ ਸਾਹਿਬ ਫਿਲੌਰ, ਆਂਧਰਾ ਬੈਂਕ ਜ਼ੋਨਲ ਆਫਿਸ ਲੁਧਿਆਣਾ ਕਾਰਪੋਰੇਸ਼ਨ ਬੈਂਕ ਲੁਧਿਆਣਾ, ਡੇਰਾ ਸੰਤ ਪ੍ਰੇਮ ਦਾਸ ਫਿਲੌਰ ਆਦਿ ਨਾਂ ਵਰਨਣ ਯੋਗ ਹਨ।

ਮੈਂ ਖ਼ੁੱਦ ਸੂਦ ਵਿਰਕ ਦੀ ਲਿਖਤਾਂ ਨੂੰ 2 ਸਾਲਾਂ ਤੋਂ ਪੜਦਾ ਰਿਹਾ ਹਾਂ। ਇਸ ਦੀਆਂ ਹੱਥ ਲਿਖਤਾਂ ਵੀ ਸਮਾਜ ਨੂੰ ਸੇਧ ਦੇਣ ਵਾਲੀਆਂ ਹੁੰਦੀਆਂ ਹਨ। ਮੈਨੂੰ ਪੂਰਾ ਯਕੀਨ ਹੈ ਕਿ ਸੂਦ ਵਿਰਕ ਸਦਾ ਹੀ ਆਪਣੀ ਕਲਮ ਨਾਲ ਸਮਾਜ ਨੂੰ ਜਾਗਰੂਕ ਕਰਦਾ ਰਹੇਗਾ।ਸੂਦ ਵਿਰਕ ਦੀ ਕਿਤਾਬ "ਸੱਚ ਦਾ ਹੋਕਾ" ਵਿੱਚੋਂ ਕੁੱਝ ਬੋਲਾਂ ਦੀ ਆਪ ਸਭ ਨਾਲ ਸਾਂਝ ਪਾਅ ਰਿਹਾ ਹਾਂ ਜੀ-

ਸਮਾਜ ਨੂੰ ਸੇਧ ਦੇਣ ਲਈ, ਸੱਚ ਦਾ ਹੋਕਾ ਦੇਣ ਵਾਲੇ,
ਕੁੱਝ ਵਿਰਲੇ ਹੀ ਹੁੰਦੇ ਨੇ,ਅਤੇ ਸਿੱਧਾ ਲੋਕ ਮਨਾਂ ਵਿੱਚ,
ਘਰ ਕਰ ਜਾਣ ਵਾਲੇ, ਸੱਚੇ ਰੱਬ ਦੇ ਬੰਦੇ ਹੁੰਦੇ ਨੇ॥

ਪਾਲ ਜਲੰਧਰੀ

## ਆਜ਼ਾਦੀ, ਸੱਚ ਅਤੇ ਨਿਆਂ ਨਾਲ ਖੜ੍ਹਨ ਦਾ ਪ੍ਰਤੀਕ ਹੈ

# ਬੰਦੀ ਛੋੜ ਦਿਵਸ



ਹਰ ਸਾਲ ਕੱਤਕ ਦੀ ਮੱਸਿਆ ਨੂੰ ਭਾਰਤ ਭਰ ਵਿੱਚ ਦੀਵਾਲੀ ਵਜੋਂ ਅਤੇ ਸਿੱਖ ਹਲਕਿਆਂ ਵਿੱਚ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਣ ਵਾਲੇ ਤਿਉਹਾਰ ਨੂੰ ਹਰ ਭਾਰਤੀ ਖੁਸ਼ੀ, ਪ੍ਰੇਮ ਅਤੇ ਸਾਂਝ ਵਜੋਂ ਮਨਾਉਂਦਾ ਹੈ। ਇਸ ਤਿਉਹਾਰ ਨੂੰ ਹਿੰਦੂ ਅਤੇ ਸਿੱਖ ਰਲ ਮਿਲ ਕੇ ਮਨਾਉਂਦੇ ਹਨ। ਹਿੰਦੂ ਇਸ ਨੂੰ ਰਾਮਚੰਦਰ ਜੀਂ ਦੇ 14 ਸਾਲ ਬਨਵਾਸ ਕੱਟਣ ਤੋਂ ਬਾਅਦ ਅਯੁੱਧਿਆ ਵਾਪਸ ਪਰਤਣ ਦੀ ਖੁਸ਼ੀ ਵਿੱਚ ਮਨਾਉਂਦੇ ਹਨ। ਅੱਜ ਅਸੀਂ ਸਿੱਖ ਦ੍ਰਿਸ਼ਟੀਕੋਣ ਤੋਂ ਇਸ ਦੇ ਮਹੱਤਵ ਅਤੇ ਸਿਧਾਂਤ ਦੀ ਵਿਚਾਰ ਕਰਾਂਗੇ।

**ਇਤਿਹਾਸਕ ਪਿਛੋਕੜ:-** ਗੁਰੂ ਅਰਜਨ ਦੇਵ ਜੀ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਧੀਨ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ ਤੋਂ ਬਾਅਦ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਨੇ ਗੁਰੂ ਬਣਦਿਆਂ ਹੀ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸਿੰਘਾਂ ਨੂੰ ਸ਼ਸ਼ਤਰ ਅਤੇ ਘੋੜੇ ਲਿਆਉਣ ਦੇ ਆਦੇਸ਼ ਦਿੱਤੇ। ਖੁਦ ਰਾਜਿਆਂ ਵਾਲੇ ਬਸਤਰ ਅਤੇ ਸ਼ਸ਼ਤਰ ਪਹਿਨੇ, ਸਿੱਖਾਂ ਨੂੰ ਘੋੜ ਸਵਾਰੀ, ਸ਼ਸ਼ਤਰ ਵਿੱਦਿਆ ਅਤੇ ਜੰਗੀ ਹੁਨਰ ਸਿਖਾਉਣੇ ਸ਼ੁਰੂ ਕੀਤੇ। ਬਹੁਤ ਸਾਰੇ ਸਿੱਖ ਉਹਨਾਂ ਨਾਲ ਜੁੜਦੇ ਗਏ ਅਤੇ ਜੰਗਜੂਆਂ ਦੀ ਗਿਣਤੀ ਵਧਣ ਲੱਗੀ। ਗੁਰੂ ਘਰ ਦੇ ਵਿਰੋਧੀਆਂ ਨੇ ਵਧਦੀ ਹੋਈ ਸਿੱਖ ਤਾਕਤ ਅਤੇ ਸਰਗਰਮੀਆਂ ਬਾਰੇ ਜਹਾਂਗੀਰ ਕੋਲ ਸ਼ਿਕਾਇਤਾਂ ਕੀਤੀਆਂ। ਰਾਜੇ ਨੇ ਇਸ ਵੱਧਦੀ ਤਾਕਤ ਅਤੇ ਗੁਰੂ ਹਰਗੋਬਿੰਦ ਜੀ ਦੀ ਹਰਮਨ ਪਿਆਰਤਾ ਨੂੰ ਮੁਗਲ ਸਲਤਨਤ ਲਈ ਖਤਰਾ ਸਮਝਿਆ ਅਤੇ ਪੰਜਾਬ ਵਿਚ ਬਗਾਵਤ ਫੈਲਾਉਣ ਦੇ ਜੁਰਮ ਹੇਠ ਉਹਨਾਂ ਨੂੰ ਕੈਦ ਕਰ ਕੇ ਗਵਾਲੀਅਰ ਦੇ ਕਿਲੇ ਵਿਚ ਰੱਖਿਆ । ਗੁਰੂ ਸਾਹਿਬ ਨੇ ਇਥੇ ਰੋਜ ਸਤਿਸੰਗ ਅਤੇ ਕੀਰਤਨ ਦਰਬਾਰ ਲਗਾਉਣਾ ਆਰੰਭ ਕੀਤਾ ਅਤੇ ਹੋਰ ਕੈਦੀ ਰਾਜਿਆਂ ਨੂੰ ਆਪਣੇ ਪਿਆਰ ਵਿਚ ਬੰਨ੍ਹ ਲਿਆ। ਇੱਧਰ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਬਿਹਬਲ ਹੋ ਗਈ ਅਤੇ ਉਹਨਾਂ ਆਪਣੇ ਤਰੀਕਿਆਂ ਨਾਲ ਗੁਰੂ ਸਾਹਿਬ ਦੀ ਕੈਦ ਦਾ ਵਿਰੋਧ ਕਰਨਾ ਸ਼ੁਰੂ ਕੀਤਾ। ਕੁਦਰਤੀ ਇਸੇ ਸਮੇਂ ਜਹਾਂਗੀਰ ਡਾਢਾ ਬੀਮਾਰ ਹੋ ਗਿਆ ਅਤੇ ਕਿਸੇ ਇਲਾਜ ਨਾਲ ਠੀਕ ਨਹੀਂ ਸੀ ਹੋ ਰਿਹਾ ਜਦੋਂ ਉਸਨੂੰ ਕਾਜੀ ਨੇ ਕਿਹਾ ਕਿ ਤੂੰ ਇਕ ਗੁਰੂ ਨੂੰ ਕੈਦ ਕੀਤਾ ਹੈ ਇਸ ਲਈ ਬਿਮਾਰ ਹੋਇਆ ਹੈਂ। ਜਹਾਂਗੀਰ ਨੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ। ਪਰ ਗੁਰੂ ਜੀ ਨੇ ਬੇਦੋਸ਼ ਕੈਦ ਕੀਤੇ ਗਏ 52 ਹਿੰਦੂ ਰਾਜਿਆਂ ਨੂੰ ਵੀ ਨਾਲ ਰਿਹਾਅ ਕੀਤੇ ਜਾਣ ਤੇ ਹੀ ਬਾਹਰ ਆਉਣ ਦੀ ਗੱਲ ਕਹੀ। ਰਾਜੇ ਦੀ ਸ਼ਰਤ ਨੂੰ ਪੂਰਾ ਕਰਦਿਆਂ ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਪਹਿਨਿਆ ਅਤੇ ਇੱਕ ਇੱਕ ਰਾਜੇ ਨੂੰ ਇੱਕ ਇੱਕ ਕਲੀ ਫੜਾ ਕੇ ਸਭ ਨੂੰ ਆਜ਼ਾਦ ਕਰਵਾਇਆ। ਉਸ ਦਿਨ ਤੋਂ ਹੀ ਗੁਰੂ ਹਰਗੋਬਿੰਦ ਜੀ ਨੂੰ "ਬੰਦੀ ਛੋੜ ਦਾਤਾ" ਕਿਹਾ ਜਾਣ ਲੱਗਿਆ। ਇਹ ਘਟਨਾ ਅਗਸਤ 1621 ਈਸਵੀ ਦੀ ਸੀ। ਇਸ ਤੋਂ ਬਾਅਦ ਇਸ ਸਾਲ ਦੀ ਦੀਵਾਲੀ ਵਾਲੇ ਦਿਨ ਸਿੱਖਾਂ ਨੇ ਗੁਰੂ ਜੀ ਦੇ ਰਿਹਾਅ ਹੋਣ ਦੀ ਖੁਸ਼ੀ ਵਿੱਚ ਦੀਵੇ ਜਗਾਏ ਅਤੇ ਖੁਸ਼ੀਆਂ ਮਨਾਈਆਂ ਅਤੇ ਹਿੰਦੂਆਂ ਨਾਲ ਮਿਲ ਕੇ ਇਸ ਦਿਨ ਆਪਣੀ ਖੁਸ਼ੀ ਵੀ ਸਾਂਝੀ ਕੀਤੀ। ਇਸ ਦਿਨ ਦਾ ਸੰਬੰਧ ਭਾਈ ਮਨੀ ਸਿੰਘ ਜੀ ਨਾਲ ਵੀ ਜੁੜਦਾ ਹੈ। 18ਵੀ ਸਦੀ ਵਿਚ ਜਦੋ ਸਿੰਘ ਜੰਗਲਾਂ ਵਿੱਚ ਰਹਿੰਦੇ ਸਨ ਤਾਂ ਉਹਨਾਂ ਨੂੰ ਜਥੇਬੰਦ ਕਰਨ ਅਤੇ ਨਵਾਂ ਪ੍ਰੋਗਰਾਮ ਉਲੀਕਣ ਲਈ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਹਰਿਮੰਦਰ ਸਾਹਿਬ ਇੱਕਠੇ ਕਰਨ ਲਈ ਸਰਕਾਰ ਤੋਂ ਇਜਾਜ਼ਤ ਲਈ। ਨਵਾਬ ਜ਼ਕਰੀਆ ਖਾਂ ਨੇ 10000 ਰੁਪਏ ਟੈਕਸ ਦੇਣ ਦੀ ਸ਼ਰਤ ਨਾਲ ਆਗਿਆ ਦੇ ਦਿਤੀ ਅਤੇ ਖ਼ੁਦ ਸਿੱਖਾਂ ਨੂੰ ਖਤਮ ਕਰਨ ਦੇ ਇਰਾਦੇ ਨਾਲ ਫੌਜ ਰਾਮ ਤੀਰਥ ਭੇਜ ਦਿੱਤੀ। ਭਾਈ ਮਨੀ ਸਿੰਘ ਜੀ ਚਾਲ ਸਮਝ ਗਏ ਅਤੇ ਉਹਨਾਂ ਨੇ ਤੁਰੰਤ ਸੁਨੇਹੇ ਭੇਜ ਦਿੱਤੇ, ਅਤੇ ਇੱਕਠ ਨਾ ਹੋਣ ਦਿੱਤਾ। ਸਰਕਾਰ ਵੱਲੋਂ ਟੈਕਸ ਮੰਗੇ ਜਾਣ ਤੇ ਭਾਈ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ ਕਿ ਜਦੋ ਇਕੱਠ ਹੋਇਆ ਹੀ ਨਹੀਂ, ਤਾਂ ਟੈਕਸ ਕਿਹਾ ? ਜਿਸ ਤੋਂ ਖਿਝ ਕੇ 1794 ਈਸਵੀ ਨੂੰ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਤਰ੍ਹਾਂ ਇਸ ਦਿਵਸ ਤੋਂ ਗੁਰਮਤਿ ਸਿਧਾਂਤਾਂ ਦੀ ਦ੍ਰਿੜ੍ਹਤਾ ਝਲਕਦੀ ਹੈ। ਪਹਿਲੀ ਗੱਲ ਹਮੇਸ਼ਾ ਹੱਕ ਸੱਚ ਲਈ ਖੜ੍ਹਨਾ ਅਤੇ ਸੱਚ ਲਈ ਅੰਤ ਤੱਕ ਲੜਨਾ। ਤਸੀਹੇ ਅਤੇ ਮੌਤ ਤੱਕ ਕਬੂਲ ਕਰ ਲੈਣੀ, ਪਰ ਆਪਣੀ ਆਜ਼ਾਦੀ ਨਹੀਂ ਛੱਡਣੀ। ਜ਼ੁਲਮ ਅਤੇ ਅਨਿਆਂ ਨਹੀਂ ਸਹਿਣਾ। ਲਿਤਾੜੇ ਅਤੇ ਜ਼ੁਲਮ ਦਾ ਸ਼ਿਕਾਰ ਹੋਏ ਹਰ ਪੀੜਿਤ ਦੀ ਧਿਰ ਬਣਕੇ ਖੜ੍ਹਨਾ ਜਿਵੇਂ ਗੁਰੂ ਹਰਗੋਬਿੰਦ ਜੀ 52 ਬੇਦੋਸ਼ੇ ਅਤੇ ਜ਼ੁਲਮ ਦੇ ਸਤਾਏ ਹੋਏ ਰਾਜਿਆਂ ਲਈ ਖੜ੍ਹੇ ਸਨ।

**ਅਜੋਕੀ ਦਸ਼ਾ ਅਤੇ ਦਿਸ਼ਾ:-** ਹਰਿਮੰਦਰ ਸਾਹਿਬ ਵਿੱਚ ਸ਼ਰਧਾਲੂਆਂ ਦਾ ਇਕੱਠ, ਲੱਖਾਂ ਹੀ ਦੀਵਿਆਂ ਦੀ ਰੋਸ਼ਨੀ, ਉਤਸ਼ਾਹ ਨਾਲ ਚਲਾਈ ਜਾਂਦੀ ਆਤਿਸ਼ਬਾਜੀ ਜਿੱਥੇ ਇਸ ਦਿਨ ਪ੍ਰਤੀ ਸਾਡਾ ਸਤਿਕਾਰ ਅਤੇ ਸ਼ਰਧਾ ਪ੍ਰਗਟ ਕਰਦੀ ਹੈ , ਪ੍ਰੇਮ ਅਤੇ ਉਤਸ਼ਾਹ ਦੇਖ ਕੇ ਸਿਰ ਝੁਕਦਾ ਹੈ ਪਰ ਕਿਧਰੇ ਗਿਆਨ ਤੋਂ ਸੱਖਣੇ ਤਾਂ ਨਹੀਂ ਹੋ ਰਹੇ ਕਿਧਰੇ ਅਸੀਂ ??? ਸਿੱਖ ਚਿੰਤਨ ਲਈ ਕੁਝ ਸਵਾਲ ਵੀ ਖੜ੍ਹੇ ਕਰਦੀ ਹੈ । ਕੀ ਸਤਿਕਾਰ ਅਤੇ ਸ਼ਰਧਾ ਪ੍ਰਗਟ ਕਰਨ ਦੇ ਤਰੀਕੇ ਵਿਚੋਂ ਗੁਰਮਤਿ ਕਿਧਰੇ ਅਲੋਪ ਤਾਂ ਨਹੀਂ ਹੋ ਰਹੀ ??? ਸ਼ਬਦ ਫ਼ਤੋਟ; ਦੀਵਾਲੀ ਕੀ ਰਾਤਿ ਦੀਵੇ ਬਾਲੀਆਨਿਫ਼ਤੋਟ; ਵਾਰ ਵਾਰ ਚੱਲਦਾ ਸੁਣਾਈ ਦਿੰਦਾ ਹੈ। ਪਰ ਇਸ ਦੇ ਅਸਲੀ ਅਰਥ ਬਹੁਤੇ ਨਹੀਂ ਜਾਣਦੇ ।



ਜਸਵਿੰਦਰ ਸਿੰਘ ਰੁਪਾਲ
9814715796

**ਪੂਰਾ ਸ਼ਬਦ ਇੰਝ ਹੈ --**

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ ॥
ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ ॥
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ ॥
ਤੀਰਥ ਜਾਤੀ ਜਾਤਿ ਨੈਣ ਨਿਹਾਲੀਅਨਿ ॥
ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ ॥
ਗੁਰਮੁਖਿ ਸੁਖ ਫ਼ਲ ਦਾਤਿ ਸਬਦ ਸਮਾਲੀਅਨਿ ॥........(ਭਾਈ ਗੁਰਦਾਸ, ਵਾਰ 19, ਪਉੜੀ 6)

**ਸੰਖੇਪ ਅਰਥ :-** ਦੀਵਾਲੀ ਦੀ ਰਾਤ ਲੋਕ ਦੀਵੇ ਬਾਲਦੇ ਹਨ (ਪਰ ਸਵੇਰ ਤੱਕ ਇਹ ਦੀਪਮਾਲਾ ਖਤਮ ਹੋ ਜਾਂਦੀ ਹੈ), ਅੰਬਰ ਵਿਚ ਭਾਂਤ ਸੁਭਾਂਤ ਦੇ ਤਾਰੇ ਦਿਸਦੇ ਹਨ (ਪਰ ਸਵੇਰੇ ਕੋਈ ਨਹੀਂ ਲੱਭਦਾ), ਫੁੱਲਾਂ ਦੀਆਂ ਬਗੀਚੀਆਂ ਖਿੜਦੀਆਂ ਨੇ ਪਰ ਝੱਟ ਹੀ , ਉਹਨਾਂ ਚੋ ਚੁਣ ਚੁਣ ਕੇ ਫੁੱਲ ਤੋੜ ਲਏ ਜਾਂਦੇ ਨੇ,, ਯਾਤਰੀ ਤੀਰਥਾਂ ਤੇ ਟੋਲਿਆਂ ਵਿੱਚ ਜਾਂਦੇ ਨੇ ਪਰ ਛੇਤੀ ਹੀ ਉਹਨਾਂ ਦਾ ਤੀਰਥਾਂ ਤੇ ਮੁਸ਼ਕ ਨਹੀਂ ਰਹਿੰਦਾ, ਹਰਿ ਚੰਦਉਰੀ ਦੇ ਨਗਰ ਦਿਖਲਾਵੇ ਮਾਤਰ ਦਿਖਾ ਕੇ ਆਪ ਹੀ ਉਜਾੜੀਦੇ ਹਨ। ਇਸ ਪ੍ਰਕਾਰ ਜਗਤ ਥੋੜ੍ਹੇ ਚਿਰ ਦਾ ਅਨੰਦ ਹੈ। ਗੁਰਮੁਖਾਂ ਨੂੰ ਆਤਮਕ ਆਨੰਦ ਰੂਪੀ ਸੁੱਖਾਂ ਦੇ ਫਲ ਦੀ ਦਾਤ ਮਿਲੀ ਹੈ ਕਿਉਂਕਿ ਉਨ੍ਹਾਂ ਨੇ ਸਬਦ ਨੂੰ ਯਾਦ ਕੀਤਾ ਹੈ। ਅਸਲ ਵਿਚ ਇਸਦੀ ਟੇਕ ਬਣਨੀ ਚਾਹੀਦੀ ਸੀ -"ਗੁਰਮੁਖਿ ਸੁਖ ਫਲ ਦਾਤਿ ਸਬਦ ਸਮਾਲੀਅਨਿ" । ਕਿਉਂਕਿ ਵਾਰ ਦੀ ਪਉੜੀ ਦੀ ਆਖਰੀ ਪੰਕਤੀ ਵਿਚ ਗੁਰਮਤਿ ਸਿਧਾਂਤ ਹੁੰਦਾ ਹੈ। ਪਰ ਆਮ ਲੋਕ ਇਸਤੋਂ ਦੀਵੇ ਜਗਾਉਣ ਦੀ ਸੇਧ ਲੈਂਦੇ ਦਿਸਦੇ ਹਨ।

ਆਮ ਲੋਕਾਂ ਦੇ ਪੱਧਰ ਤੇ ਇਸ ਦਿਨ ਨੂੰ ਸਿੱਖਾਂ ਨੂੰ ਮਨਾਉਂਦੇ ਦੇਖਦੇ ਹਾਂ ਤਾਂ ਦੁੱਖ ਹੁੰਦਾ ਹੈ। ਸ਼ਰਾਬਾਂ ਪੀਣੀਆਂ ਅਤਿਸ਼ਬਾਜ਼ੀਆਂ ਤੇ ਫਜ਼ੂਲ ਖਰਚੀ ਕੀਤੀ ਜਾਂਦੀ ਦੇਖ ਕੇ ਲੱਗਦਾ ਹੈ ਕਿ ਉਸ ਸ਼ੋਰ ਸ਼ਰਾਬੇ ,ਬਿਜਲੀਆਂ ਦੇ ਚਾਨਣੇ ਅਤੇ ਦਿਖਾਵੇ ਦੀਆਂ ਰਸਮਾਂ ਵਿਚ ਗੁਰਮਤਿ ਦਾ ਸਹਿਜ ,ਆਨੰਦ ਅਤੇ ਹੱਕ ਸੱਚ ਲਈ ਲੜਨ ਦਾ ਸਿਧਾਂਤ ਕਿਧਰੇ ਗੁਆਚਦਾ ਜਾ ਰਿਹਾ ਹੈ। ਲੋੜ ਫਜ਼ੂਲ ਖਰਚੀ ਦੀ ਨਹੀਂ ਹੈ। ਕੌਮੀ ਆਜ਼ਾਦੀ ਅਤੇ ਨਿਆਂ ਦੀ ਗੱਲ ਕਿਧਰੇ ਨਹੀਂ ਲੱਭ ਰਹੀ। ਲਿਤਾੜਿਆਂ , ਅਤੇ ਜ਼ੁਲਮ ਦੇ ਸਤਾਏ ਲੋਕਾਂ ਲਈ ਢਾਲ ਬਣ ਕੇ ਖੜ੍ਹਨਾ ਹੀ ਇਸ ਦਿਨ ਦਾ ਸੰਦੇਸ਼ ਹੈ। ਰੱਜ ਰੱਜ ਕੇ ਖੁਸ਼ੀਆਂ ਮਨਾਓ, ਦੀਵੇ ਜਗਾਓ, ਪਰ ਗੁਰਮਤਿ ਸਿਧਾਂਤਾਂ ਨੂੰ ਪਲ ਲਈ ਵੀ ਦਿਲ ਚੋਂ ਨਾ ਵਿਸਾਰੋ। ਕੋਈ ਵੀ ਦਿਵਸ ਮਨਾਇਆ ਤਦ ਹੀ ਸਫਲ ਹੈ ,ਜੇ ਉਹ ਆਪਣੇ ਸੰਦੇਸ਼ ਨੂੰ ਲੋਕ ਹਿਰਦਿਆਂ ਵਿੱਚ ਲਿਜਾ ਸਕੇ। ਸਿੱਖ ਕੌਮ ਆਪ ਹੀ ਇਸ ਸੰਦੇਸ਼ ਤੋਂ ਦੂਰ ਹੋ ਰਹੀ ਹੈ, ਚਾਹੀਦਾ ਤਾਂ ਇਹ ਸੀ ਕਿ ਹੋਰ ਦੁਨੀਆਂ ਨੂੰ ਵੀ ਇਹ ਸੰਦੇਸ਼ ਪਹੁੰਚਾ ਸਕਦੀ। ਅੰਗਰੇਜ਼ੀ **ਅਖਾਣ ਹੈ -** 'Form proceeds than feeilng'. ਆਓ , ਨਿਸ਼ਚਾ ਕਰੀਏ ਕਿ ਇਸ ਦਿਨ ਨੂੰ ਪ੍ਰੇਮ ਅਤੇ ਸਾਂਝ ਦੇ ਦੀਵੇ ਜਗਾਈਏ, ਬੇਸਹਾਰਾ ਅਤੇ ਮਜ਼ਲੂਮਾਂ ਦੀ ਢਾਲ ਬਣੀਏ, ਖੁਸ਼ੀਆਂ ਦੇ ਪਟਾਕੇ ਹਿਰਦਿਆਂ ਵਿਚ ਚਲਾਈਏ, ਬਾਹਰੀ ਆਤਿਸ਼ਬਾਜੀ ਚਲਾ ਕੇ ਮੰਡੀ ਦੇ ਸ਼ਿਕਾਰ ਨਾ ਹੋਈਏ ਅਤੇ ਆਪਣੇ ਵਾਤਾਵਰਣ ਨੂੰ ਸਾਫ ਸੁਥਰਾ ਹੀ ਰੱਖੀਏ।



## ਮੀਰੀ-ਪੀਰੀ ਦੀਆਂ ਤਲਵਾਰਾਂ

ਮੀਰੀ-ਪੀਰੀ ਦੀਆਂ ਤਲਵਾਰਾਂ ਸਤਿਗੁਰ ਪਾ ਲਈਆਂ
ਧਾਰਾਂ ਸ਼ਾਂਤ ਤੇ ਬੀਰ ਰਸ ਦੀਆਂ ਦਿਲੀਂ ਵਸਾ ਲਈਆਂ
ਤੱਤੀ ਤਵੀ ਦਾ ਸੇਕ ਫੈਲਿਆ ਚਾਰ ਚੁਫੇਰੇ ਸੀ
ਜਬਰ-ਜ਼ੁਲਮ ਨੇ ਸੱਚ-ਧਰਮ ਨੂੰ ਪਾ ਲਏ ਘੇਰੇ ਸੀ
ਮਜ਼ਲੂਮਾਂ ਦੀਆਂ ਸਾਰਾਂ ਕਿਸੇ ਨੇ ਆ ਕੇ ਨਾ ਲਈਆਂ

ਸ਼ਾਂਤ ਰਸ ਵਿੱਚ ਲਾਲੀ ਗੂੜ੍ਹੀ ਪਾਈ ਸ਼ਹੀਦੀ ਨੇ
ਬੀਰ ਰਸ ਦੀ ਮੋਹੜੀ ਆ ਫਿਰ ਲਾਈ ਸ਼ਹੀਦੀ ਨੇ
ਬਿਧੀ ਚੰਦ ਹੋਰਾਂ ਦੀਆਂ ਬਾਹਾਂ ਫਰਕਣ ਲਾ ਲਈਆਂ
ਸ਼ਾਂਤ ਰਸ ਹੈ ਬਲ ਬਖ਼ਸ਼ਦਾ ਰੂਹਾਂ ਖਰੀਆਂ ਨੂੰ
ਬੀਰ ਰਸ ਡੋਲ੍ਹ ਹੈ ਦਿੰਦਾ ਜ਼ਹਿਰਾਂ ਭਰੀਆਂ ਨੂੰ
ਡੌਲ਼ਿਆਂ ਦੀ ਤਾਕਤ ਨੇ ਹੱਥ ਸ਼ਮਸ਼ੀਰਾਂ ਚਾ ਲਈਆਂ

ਗਵਾਲੀਅਰੋਂ ਕਰੀ ਤਿਆਰੀ ਸਤਿਗੁਰ ਆਵਣ ਦੀ
ਆਸ ਕੈਦੀ ਰਾਜਿਆਂ ਦੀ ਟੁੱਟੀ ਮੁਕਤੀ ਪਾਵਣ ਦੀ
ਜਿੱਦਾਂ ਕਿਸੇ ਪਤੰਗਾਂ ਅੱਧ ਅਸਮਾਨੋਂ ਲਾਹ ਲਈਆਂ
'ਸਤਿਗੁਰਾਂ ਦਾ ਚੋਲਾ ਫੜਕੇ ਜੋ ਬਾਹਰ ਲੰਘ ਜਾਵੇਗਾ'
ਜਹਾਂਗੀਰ ਆਖਿਆ 'ਉਹੀਓ ਕੈਦੋਂ ਛੱਡਿਆ ਜਾਵੇਗਾ'
ਸਤਿਗੁਰਾਂ ਚੋਲੇ ਤਾਈਂ ਬਵੰਜਾ ਤਣੀਆਂ ਲਾ ਲਈਆਂ।











